# ਅੰਮ੍ਰਿਤ ਕੀਰਤਨ



ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ □ ਅਪ੍ਰੈਲ 1997

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 4 ਸਾਲ ਨੌਵਾਂ ਅਪ੍ਰੈਲ 1997



ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696



| | |
|---|---|
| ਤਤਕਰਾ | 1 |
| ਮਿਤ੍ਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਸੰਗੀਤ ਦਾ ਵਿਕਾਸ -ਡਾ. ਮਨਵਿੰਦਰ ਕੌਰ ਸੋਢੀ | 4 |
| ਇੱਕ ਅਮੋਲਕ ਜੀਵਨ : ਪ੍ਰੋ ਕਰਤਾਰ ਸਿੰਘ -ਪ੍ਰਿੰ. ਗੁਰਮੁਖ ਸਿੰਘ | 6 |
| ਸਵੱਰ ਸਮੁੰਦ - ਪ੍ਰਿੰ. ਦਰਸ਼ਨ ਸਿੰਘ ਬਾਗੜੀਆਂ | 10 |
| ਕੀਰਤਨ-ਪ੍ਰਸ਼ੰਸਾ | 14 |
| ਮਲੋਟ ਦੇ ਉਸਤਾਦ ਰਾਗੀ -ਦਲਜੀਤ ਪਰਮ | 15 |
| ਪ੍ਰਸ਼ਨਾਵਲੀ | 17 |
| ਕੀਰਤਨ ਕਲਾਸਾਂ | 18 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 19 |
| ਸੁਰ ਲਿਪੀ-ਰਾਗ ਸੂਹੀ | 20 |
| ਸੁਰ ਲਿਪੀ-ਰਾਗ ਬਸੰਤ | 21 |
| ਸੰਗੀਤ ਲਿਪੀ ਚਿੰਨ | 22 |
| ਜੰਤਰੀ ਮਹੀਨਾ ਅਪ੍ਰੈਲ | 24 |



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕੱ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ

ਮਾਰਚ ਦਾ ਅੰਕ ਮਿਲਿਆ । ਪਿਆਰਾ ਕਵਰ ਦੇਖ ਕੇ ਮਨ ਮਨ ਗਦ ਗਦ ਹੋ ਗਿਆ । ਸੁੰਦਰ ਬਣਾਇਆ ਹੈ । ਇਤਨਾ ਸਾਦਾ ਤੇ ਸੰਖੇਪ ਹੁੰਦਾ ਹੋਇਆ ਵੀ ਬਹੁਤ ਕੁਝ ਬੋਲਦਾ ਹੈ । ਇਸ ਸੁੰਦਰ ਗੈਟ-ਅਪ ਲਈ ਮੈਂ ਸੋਹਲ ਸਾਹਿਬ, ਦੀਪ ਜੀ ਅਤੇ ਸ੍ਰ. ਅਮਰਜੀਤ ਸਿੰਘ ਵਾਲੀਆ ਨੂੰ ਵਧਾਈ ਦਿੰਦਾ ਹਾਂ । ਫਰਵਰੀ ਅੰਕ ਵਿਚ 'ਐਸਾ ਕੀਰਤਨ ਕਰ ਮਨ ਮੇਰੇ' ਮਾਰਗ ਦਰਸ਼ਨ ਕਰਨ ਵਾਲਾ ਲੇਖ ਸੀ । ਇਹ ਇਕ ਨਿਜੀ ਅਨੁਭਵ ਹੈ ਕਿ ਕਦੇ ਤਾਂ ਕੀਰਤਨ ਸੁਣਨ ਵਿਚ ਇਤਨਾ ਅਨੰਦ ਆਉਂਦਾ ਹੈ ਕਿ ਆਪਾ ਭੁੱਲ ਜਾਂਦਾ ਹੈ ਤੇ ਕਦੇ ਬੜੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਮਨ ਨਹੀਂ ਟਿਕਦਾ । ਆਪ ਜੀ ਦਾ ਲੇਖ ਪੜ੍ਹ ਕੇ ਇਹ ਗੁੰਝਲ ਹੱਲ ਹੋ ਗਈ । ਮਾਰਚ ਅੰਕ ਵਿੱਚ ਪ੍ਰਿੰਸੀਪਲ ਦਰਸ਼ਨ ਸਿੰਘ ਜੀ ਦਾ 'ਕੀਰਤਨ ਮਹਿਮਾ' ਬੜਾ ਜਾਣਕਾਰੀ ਭਰਪੂਰ ਸੀ । ਗੁਰੂ ਸਾਹਿਬਾਨ ਕੀਰਤਨ ਨੂੰ ਕਿਤਨਾ ਉੱਚਾ ਸਮਝਦੇ ਸਨ । ਸੰਤ ਬਾਬਾ ਸੁੱਚਾ ਸਿੰਘ ਜੀ ਧੰਨਤਾ ਯੋਗ ਹਨ ਜੋ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਨ ਕਿ ਗੁਰੂ ਦਾ ਕੀਰਤਨ ਗੁਰਮਤਿ ਅਨੁਸਾਰੀ ਹੋਣਾ ਚਾਹੀਦਾ ਹੈ । ਗੁਰੂ ਮਹਾਰਾਜ ਉਹਨਾਂ ਨੂੰ ਲੰਬੀ ਆਯੂ ਬਖਸ਼ਣ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆਪ ਦੇ ਕੀਰਤਨ ਸਬ ਕਮੇਟੀ ਦੇ ਮੈਂਬਰ ਬਣਨ ਲਈ ਵਧਾਈ ।

ਨਵੀਂ ਦਿਲੀ — ਟੀ. ਨਰਿੰਦਰਪਾਲ ਸਿੰਘ

ਸਰਵ ਪ੍ਰਥਮ ਆਪ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਿਤ ਕੀਤੀ ਗਈ 'ਕੀਰਤਨ ਸਬ ਕਮੇਟੀ' ਵਿੱਚ ਸ਼ਾਮਲ ਕੀਤੇ ਜਾਣ ਹਿੱਤ ਹਾਰਦਿਕ ਵਧਾਈ । ਕਮੇਟੀ ਦੀ ਚੋਣ ਬਹੁਤ ਸੁਚੱਜੀ ਹੈ ।

ਦੂਸਰਾ, ਮਾਸਿਕ 'ਅੰਮ੍ਰਿਤ ਕੀਰਤਨ' ਦੀ ਦਿੱਖ, ਛਪਾਈ ਅਤੇ ਮਿਆਰ ਵਿੱਚ ਬਹੁਤ ਸੁਧਾਰ ਹੋਇਆ ਹੈ । ਫਰਵਰੀ '97 ਦੇ ਅੰਕ ਨੇ ਤਾਂ ਕਮਾਲ ਹੀ ਕਰ ਦਿੱਤੀ । ਪਹਿਲੇ ਸਫੇ ਉਪਰ ਡਾ: ਹਰਿਭਜਨ ਸਿੰਘ ਦੀ ਕਵਿਤਾ "ਮਰਦਾਨਾ ਬੋਲਦਾ ਹੈ" ਬੜੀ ਹੀ ਉੱਚ ਪਾਏ ਦੀ ਕ੍ਰਿਤ ਹੈ । ਆਪ ਦਾ ਸੰਪਾਦਕੀ "ਕਰਉ ਬੇਨੰਤੀਆ" ਵੀ ਕੁਝ ਸੋਚਣ 'ਤੇ ਮਜਬੂਰ ਕਰਦਾ ਹੈ । ਸ: ਬਲਵਿੰਦਰ ਸਿੰਘ ਦਾ ਲੇਖ "ਬਚਨ ਕਰ ਕੇ ਪਾਲਣਾ", ਡਾ: ਜੋਗਿੰਦਰ ਸਿੰਘ ਬਾਵਰਾ ਦਾ "ਸਫਰਨਾਮਾ ਲਾਹੌਰ" ਅਤੇ ਡਾ: ਜਤਿੰਦਰਪਾਲ ਸਿੰਘ ਜੌਲੀ ਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਛੇਵੇਂ ਅਦੁੱਤੀ ਗੁਰਮਤਿ ਸੰਮੇਲਨ ਸਬੰਧੀ ਜਾਣਕਾਰੀ ਸਭ ਵਧੀਆ ਰਚਨਾਵਾਂ ਹਨ । ਇਸ ਤੋਂ ਇਲਾਵਾ "ਤਾਲ ਸਿੱਖਿਆ" ਅਤੇ ਪਰਚੇ ਦੇ ਅੰਤ ਵਿੱਚ ਮਹੀਨੇ ਦੀ ਜਾਣਕਾਰੀ ਦੇਣਾ ਚੰਗਾ ਉੱਦਮ ਹੈ ।

ਕਲਕੱਤਾ — ਹਰਚਰਨ ਸਿੰਘ

ਅੰਮ੍ਰਿਤ ਕੀਰਤਨ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜ ਰਹੇ ਹਾਂ । ਇਸ ਵਿੱਚ ਪ੍ਰਕਾਸ਼ਿਤ ਪੁਸਤਕਾਂ ਵਿੱਚੋਂ ਸੁਰ ਲਿਪੀਆਂ ਦੇਣ ਦੀ ਥਾਂ ਨਵੀਆਂ ਸਰਲ ਤੇ ਸੁਖੈਨ ਸੁਰ ਲਿਪੀਆਂ ਛਾਪਣੀਆਂ ਚਾਹੀਦੀਆਂ ਹਨ । ਪਰੂਫ ਰੀਡਿੰਗ ਧਿਆਨ ਨਾਲ ਕਰਨੀ ਚਾਹੀਦੀ ਹੈ ।

ਜਲੰਧਰ — ਹਰਮੀਤ ਕੌਰ

ਅੰਮ੍ਰਿਤ ਕੀਰਤਨ ਵਿੱਚ ਗੁਰਬਾਣੀ ਦੀਆਂ ਤੁਕਾਂ ਦੇ ਸ਼ਬਦ-ਜੋੜ ਗਲਤ ਨਹੀਂ ਹੋਣੇ ਚਾਹੀਦੇ । ਇਸ ਵਿੱਚ ਮੈਟ੍ਰੀਮੋਨੀਅਲ ਲਈ ਇੱਕ ਪੰਨਾ ਰੱਖਿਆ ਜਾਵੇ ਜੀ ।

ਜਲੰਧਰ — ਹਰਮਿੰਦਰ ਕੌਰ

'ਅੰਮ੍ਰਿਤ ਕੀਰਤਨ' ਇੱਕ ਸੰਗੀਤਕ ਮੈਗਜ਼ੀਨ ਹੈ । ਇਸ ਵਿੱਚ ਸ਼ਬਦਾਂ ਦੀਆਂ ਸੁਰ ਲਿਪੀਆਂ ਅਤੇ ਕੀਰਤਨੀਆਂ ਦੀਆਂ ਪ੍ਰੇਰਨਾਦਾਇਕ ਜੀਵਨੀਆਂ ਛਪਦੀਆਂ ਹਨ । ਅਸੀਂ ਉਹਨਾਂ ਕੀਰਤਨੀਆਂ ਬਾਰੇ ਜਾਣਕਾਰੀ ਚਾਹੁੰਦੇ ਹਾਂ ਜੋ ਅੱਜ ਸਾਡੇ ਵਿਚਕਾਰ ਨਹੀਂ ਹਨ । ਅੱਜ ਤੋਂ 100-150 ਸਾਲ ਪਹਿਲਾਂ ਉਹਨਾਂ ਦੀ ਗੁਰਮਤਿ ਸੰਗੀਤ ਵਿੱਚ ਕੀ ਦੇਣ ਸੀ । ਉਹਨਾਂ ਸੰਗੀਤਕਾਰਾਂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਜੋ ਪੂਰੀ ਤਰ੍ਹਾਂ ਸ਼ਾਸਤਰੀ ਸੰਗੀਤ ਦੇ ਨਾਲ ਸੰਬੰਧ ਰਖਦੇ ਹੋਣ ।

ਲੁਧਿਆਣਾ — ਕੁਲਵੰਤ ਕੌਰ

ਮਾਰਚ ਦੇ 'ਅੰਮ੍ਰਿਤ ਕੀਰਤਨ' ਵਿੱਚ ਆਪ ਦਾ ਸੰਪਾਦਕੀ, ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ, ਭਗਤ ਰਵਿਦਾਸ ਜੀ ਤੇ ਜੀਵਨ ਤੇ ਬਾਣੀ ਬਾਰੇ ਜਾਣਕਾਰੀ ਚੰਗੇ ਲੇਖ ਸਨ । ਡਾ. ਸੁਰਜੀਤ ਸਿੰਘ ਕੁੰਜਾਹੀ ਤੇ ਪ੍ਰਿੰਸੀਪਲ ਦਰਸ਼ਨ ਸਿੰਘ ਜੀ ਦੇ ਲੇਖ ਵੀ ਚੰਗੇ ਸਨ । ਮੈਗਜ਼ੀਨ ਦੀ ਦਿੱਖ ਅਤੇ ਪ੍ਰਸ਼ਨਾਵਲੀ, ਲੇਖ ਮੁਕਾਬਲੇ ਆਦਿ ਨਾਲ ਮੈਗਜ਼ੀਨ ਪ੍ਰਭਾਵਸ਼ਾਲੀ ਬਣ ਰਿਹਾ ਹੈ ।

ਮਲੋਟ — ਪ੍ਰੋ: ਐਮ.ਐਸ. ਸਚਦੇਵਾ

# ਉੱਤਮ ਉਪਰਾਲਾ

ਪਿੱਛੇ ਜਿਹੇ ਪੰਜਾਬ ਸਿੰਧ ਬੈਂਕ ਦੇ ਸ੍ਰ. ਮੱਖਣ ਸਿੰਘ ਚੰਡੀਗੜ੍ਹ ਆਏ । ਉਹਨਾਂ ਹੁਕਮ ਕੀਤਾ ਕਿ ਭਗਤੀ ਸੰਗੀਤ ਬਾਰੇ ਜੋ ਆਰਕਾਈਵਜ਼ ਜਲੰਧਰ ਵਿਖੇ ਬਣ ਰਿਹਾ ਹੈ ਉਸ ਬਾਰੇ ਚੰਡੀਗੜ੍ਹ ਦੇ ਵਿਦਵਾਨ ਕੀਰਤਨ ਪ੍ਰੇਮੀਆ ਪਤਵੰਤੇ ਸੱਜਣਾਂ ਦੀ ਇੱਕ ਮੀਟਿੰਗ ਬੁਲਾਈ ਜਾਵੇ । ਮੈਂ ਆਪਣੇ ਬਹੁਤ ਸਾਰੇ ਮਿਹਰਬਾਨਾਂ ਨੂੰ ਫੋਨ ਕੀਤੇ । ਇਹ ਮੀਟਿੰਗ ਪੰਜਾਬ ਸਿੰਧ ਬੈਂਕ ਦੇ ਸਟਾਫ ਟ੍ਰੇਨਿੰਗ ਕਾਲਜ ਵਿੱਚ ਰੱਖੀ ਗਈ ।

ਬੜੀ ਖੁਸ਼ੀ ਹੋਈ ਕਿ ਇਸ ਮੀਟਿੰਗ ਲਈ ਜਿਹਨਾਂ ਸੱਜਣਾਂ ਨੂੰ ਫੋਨ ਕੀਤਾ ਸੀ ਸਾਰੇ ਹੀ ਪੁੱਜ ਗਏ ।

ਪ੍ਰਿੰਸੀਪਲ ਹਰਿਭਜਨ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਡਾ. ਹਰਨਾਮ ਸਿੰਘ ਸ਼ਾਨ, ਮੇਜਰ ਆਗਿਆਪਾਲ ਸਿੰਘ, ਡਾ: ਪ੍ਰੀਤਮ ਸਿੰਘ ਨਿਊਜੀਲੈਂਡ ਵਾਲੇ, ਪ੍ਰਿੰਸੀਪਲ ਦਰਸ਼ਨ ਸਿੰਘ, ਸ੍ਰ. ਹਰਿਭਜਨ ਸਿੰਘ ਚੋਪੜਾ, ਸ੍ਰ. ਉੱਤਮ ਸਿੰਘ, ਡਾ. ਜਤਿੰਦਰ ਸਿੰਘ ਖੰਨਾ, ਲੈਕਚਰਾਰ, ਸੰਗੀਤ, ਸਰਕਾਰੀ ਕਾਲਜ ਚੰਡੀਗੜ੍ਹ, ਪ੍ਰੋ. ਕੁਲਵਿੰਦਰ ਕੌਰ, ਡਾ. ਰਾਜਿੰਦਰ ਕੌਰ । ਸ੍ਰ. ਮੱਖਣ ਸਿੰਘ, ਸ੍ਰ. ਨਰਿੰਦਰਬੀਰ ਸਿੰਘ, ਸ੍ਰ. ਪ੍ਰਮਜੋਤ ਸਿੰਘ ਆਦਿ ।

ਸ੍ਰ. ਮੱਖਣ ਸਿੰਘ ਜੀ ਨੇ ਕਿਹਾ ਕਿ "ਆਰਕਾਈਵਜ਼ ਵਿੱਚ ਹਜ਼ਾਰਾਂ ਕੀਰਤਨ ਕੈਸਟਾਂ ਆਪ ਗਈਆਂ ਹਨ । ਹੁਣ ਉਹਨਾਂ ਦਾ ਵਿਸਲੇਸ਼ਣ ਕੀਤਾ ਜਾ ਰਿਹਾ ਹੈ ਅਤੇ ਜਿਹੜੀਆਂ ਕੈਸਟਾਂ ਵਿੱਚ ਮਿਆਰੀ ਸ਼ੈਲੀ ਵਿੱਚ ਕੀਰਤਨ ਹੋਵੇਗਾ । ਉਹਨਾਂ ਨੂੰ ਆਰਕਾਈਵਜ਼ ਵਿੱਚ ਵਿਸ਼ੇਸ਼ ਸਥਾਨ ਦਿੱਤਾ ਜਾਵੇਗਾ ।" ਇਸ ਦੇ ਨਾਲ ਨਾਲ ਆਰਕਾਈਵਜ਼ ਵਿੱਚ ਪ੍ਰੋ. ਪਰਮਜੋਤ ਸਿੰਘ ਕੀਰਤਨ ਦੀ ਕਲਾਸ ਵੀ ਲੈ ਰਹੇ ਹਨ ।

ਪ੍ਰਿੰਸੀਪਲ ਦਰਸ਼ਨ ਸਿੰਘ ਜੀ ਨੇ ਕਿਹਾ ਕਿ "ਉਹ ਆਰਕਾਈਵਜ਼ ਵਿੱਚ ਗਏ ਸਨ । ਉਹ ਉਥੇ ਚਲ ਰਹੇ ਕੰਮ ਕਾਰ ਤੋਂ ਬਹੁਤ ਪ੍ਰਭਾਵਿਤ ਹੋਏ ਹਨ ਪਰ ਅਜੇ ਉਥੇ ਪੂਰੇ ਤਕਨੀਕੀ ਸਾਧਨ ਮੌਜੂਦ ਨਹੀਂ ਹਨ ਅਤੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਵੀ ਘਾਟ ਹੈ । ਆਰਕਾਈਵਜ਼ ਦੀ ਹੋਂਦ ਦਾ ਜਲੰਧਰ ਦੇ ਨਿਵਾਸੀਆਂ ਨੂੰ ਵੀ ਪਤਾ ਨਹੀਂ ਇਸ ਲਈ ਉਥੇ, ਪਈਆਂ ਰਿਕਾਰਡਿੰਗ ਮਸ਼ੀਨਾਂ ਅਤੇ ਤਬਲੇ ਲਈ ਕੋਈ ਯੋਗ ਵਿਅਕਤੀ ਦਿੱਤੇ ਜਾਣ । ਜਲੰਧਰ ਨਿਵਾਸੀਆਂ ਵਿੱਚ ਇਸ ਦਾ ਪ੍ਰਚਾਰ ਕੀਤਾ ਜਾਵੇ ਤਾਂ ਜੋ ਉਹ ਲਾਭ ਪ੍ਰਾਪਤ ਕਰ ਸਕਣ ।"

ਡਾ. ਜਤਿੰਦਰ ਸਿੰਘ ਖੰਨਾ ਨੇ ਕਿਹਾ, "ਜਲੰਧਰ ਵਿਖੇ ਐਸਾ ਆਰਕਾਈਵਜ਼ ਖੋਲ੍ਹਣਾ ਚੰਗੀ ਗੱਲ ਹੈ । ਪਰ ਇਹ ਚੰਡੀਗੜ੍ਹ ਵਿੱਚ ਵੀ ਹੋਣਾ ਚਾਹੀਦਾ ਹੈ ।

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਗੁਰਬਾਣੀ ਦੇ ਸ਼ੁਧ ਉਚਾਰਨ ਵਾਲੇ ਪਾਸੇ ਧਿਆਨ ਦਿਵਾਇਆ ।

ਮੀਟਿੰਗ ਦੇ ਵਿੱਚ ਹੋਰਨਾਂ ਗੱਲਾਂ ਤੋਂ ਇਲਾਵਾਂ ਇਹ ਗੱਲ ਵੀ ਸਾਹਮਣੇ ਆਈ ਕਿ ਕੀਰਤਨ ਦੀ ਬਹੁਤ ਸਾਰੀ ਰਿਕਾਰਡਿੰਗ ਬਾਗੜੀਆਂ ਪਰਿਵਾਰ, ਨਾਮਧਾਰੀ ਸੰਪਰਦਾ, ਅੰਬਾਲਾ ਸਿੰਡੀਕੇਟ ਸਰਵਿਸ ਵਾਲੇ 'ਬਾਲਾ ' ਪਰਿਵਾਰ, ਬਾਬਾ ਸਰਬਜੋਤ ਸਿੰਘ ਬੇਦੀ, ਗੁਰਮੁਖ ਸਿੰਘ ਐਂਡ ਸੰਨਜ ਆਦਿ ਕਈ ਥਾਂਵਾਂ ਤੇ ਪਈ ਹੋਈ ਹੈ । ਇਸ ਨੂੰ ਰਿਕਾਰਡ ਕਰਕੇ ਸੰਭਾਲਣ ਅਤੇ ਪ੍ਰਚਾਰਨ ਦੀ ਲੋੜ ਹੈ । ਇਸ ਤੋਂ ਬਿਨਾਂ ਜੇ ਕਿਸੇ ਸੱਜਣ ਨੂੰ ਹੋਰ ਕੀਰਤਨ ਰਿਕਾਰਡਿੰਗ ਦਾ ਪਤਾ ਹੋਵੇ ਤਾਂ ਉਹ ਸੂਚਨਾ ਦੇਣ ਦੀ ਖੇਚਲ ਕਰੇ ।

ਸਾਰਿਆਂ ਨੇ ਪੰਜਾਬ ਸਿੰਧ ਬੈਂਕ ਵੱਲੋਂ ਕੀਤੇ ਜਾ ਰਹੇ ਇਸ ਕਾਰਜ ਨੂੰ ਉੱਤਮ ਉਪਰਾਲਾ ਆਖਿਆ ਹੈ ।

ਅਸੀਂ ਵੀ ਇਸ ਜਤਨ ਦੀ ਸਲਾਘਾ ਕਰਦੇ ਹਾ ।



ਡਾ. ਮਨਵਿੰਦਰ ਕੌਰ ਸੋਢੀ

# ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਸੰਗੀਤ ਦਾ ਵਿਕਾਸ

ਮਹਾਰਾਜਾ ਰਣਜੀਤ ਸਿੰਘ 1797 ਈ. ਵਿੱਚ ਰਾਜਗੱਦੀ ਉੱਤੇ ਬੈਠੇ । ਰਣਜੀਤ ਸਿੰਘ ਦਾ ਜੀਵਨ ਬੜਾ ਅਜੀਬ ਤੇ ਅਨੋਖਾ ਸੀ । ਉਨ੍ਹਾਂ ਦਾ ਜਨਮ ਇਕ ਛੋਟੀ ਜਿਹੀ ਮਿਸਲ ਦੇ ਸਰਦਾਰ ਦੇ ਘਰ ਹੋਇਆ ਪਰ ਆਪਣੇ ਅੰਤਕਾਲ ਸਮੇਂ ਉਹ ਪੰਜਾਬ ਦੇ ਇਕ ਵਿਸ਼ਾਲ ਸਾਮਰਾਜ ਦੇ ਮਾਲਕ ਸੀ । ਉਨ੍ਹਾਂ ਦੇ ਜੀਵਨ ਦੀ ਹਰ ਘਟਨਾ ਦਿਲਚਸਪ ਹੈ ਤੇ ਸਮੁੱਚਾ ਜੀਵਨ ਇਕ ਦਿਲਚਸਪ ਕਹਾਣੀ ਹੈ । ਰਾਜਸੀ ਜੀਵਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਬਦਬਾ ਐਨਾ ਸੀ ਕਿ ਅੰਗਰੇਜ਼ ਉਨ੍ਹਾਂ ਕੋਲੋਂ ਤ੍ਰਾਂਹਦੇ ਸਨ ਤੇ ਅਫਗਾਨਾ ਲਈ ਉਹ ਹਊਆ ਸੀ । ਉਨ੍ਹਾਂ ਦੀ ਗੁਰਮਤਿ ਪ੍ਰਤਿ ਅਥਾਹ ਸ਼ਰਧਾ ਤੇ ਪ੍ਰੇਮ ਸੀ । ਉਨ੍ਹਾਂ ਨੇ ਹਰ ਕਾਰਜ ਤੇ ਮੁਹਿੰਮ ਇਸੇ ਸ਼ਕਤੀ ਦੀ ਸਰਨ ਵਿਚ ਸਰ ਕੀਤੀ । ਉਹ ਗੁਰਬਾਣੀ ਅਤੇ ਗੁਰਮਤਿ ਸੰਗੀਤ ਅਥਵਾ ਕੀਰਤਨ ਪ੍ਰੇਮੀ ਸਨ । ਉਨ੍ਹਾਂ ਦੇ ਸਾਸ਼ਨ ਕਾਲ ਵਿਚ ਗੁਰਮਤਿ ਤੇ ਭਾਰਤੀ ਸੰਗੀਤ ਦਾ ਜੋ ਕੰਮ ਹੋਇਆ ਉਹ ਜ਼ਿਕਰਯੋਗ ਹੈ ।

ਮਹਾਰਾਜਾ ਰਣਜੀਤ ਸਿੰਘ ਬਹੁਤ ਉੱਚ ਧਾਰਮਿਕ ਵਿਚਾਰਾਂ ਦੇ ਵਿਅਕਤੀ ਸਨ । ਉਹ ਇਕ ਨਿਸ਼ਠਾਵਾਨ ਸਿੱਖ ਸਨ । ਉਹ ਆਪਣੇ ਆਪ ਨੂੰ ਮਹਾਰਾਜਾ ਨਾ ਕਹਿਲਾ ਕੇ ਇਕ ਗੁਰਸਿੱਖ ਕਹਿਲਾਉਣਾ ਵਧੇਰੇ ਪਸੰਦ ਕਰਦੇ ਸਨ । ਗੁਰੂ ਘਰ ਦੀ ਸੇਵਾ ਵਜੋਂ ਉਹ ਹਰ ਸਾਲ ਲੱਖਾਂ ਰੁਪਏ ਅਤੇ ਹੋਰ ਕਈ ਅਨਮੋਲ ਵਸਤਾਂ ਸ੍ਰੀ ਹਰਿਮੰਦਰ ਸਾਹਿਬ ਭੇਟ ਕਰਿਆ ਕਰਦੇ ਸਨ । ਦਸਾਂ ਗੁਰੂ ਸਾਹਿਬਾਨ ਦੁਆਰਾ ਚਲਾਈ ਕੀਰਤਨ ਪਰੰਪਰਾ ਨੂੰ ਵੀ ਉਨ੍ਹਾਂ ਨੇ ਸਥਿਰ ਤੇ ਵਿਕਸਤ ਕਰਨ ਲਈ ਬਹੁਤ ਪ੍ਰਯਤਨ ਕੀਤੇ । ਰਾਜ ਪਾਟ ਦਾ ਪ੍ਰਬੰਧ ਅਤੇ ਜੰਗਾਂ-ਜੁੱਧਾਂ ਵਿਚ ਵਧੇਰੇ ਰੁਝੇ ਹੋਣ ਕਰਕੇ ਭਾਵੇਂ ਉਹ ਖੁਦ ਸ਼ਾਸਤਰੀ ਸੰਗੀਤ ਵਿੱਦਿਆ ਦਾ ਗਿਆਨ ਪ੍ਰਾਪਤ ਨਹੀਂ ਕਰ ਸਕੇ ਪਰ ਰਾਗ-ਮਈ ਕੀਰਤਨ ਦੇ ਪ੍ਰੇਮੀ ਹੋਣ ਕਰਕੇ ਉਨ੍ਹਾਂ ਦੇ ਰਾਜਕਾਲ ਵਿਚ ਸੰਗੀਤ ਦਾ ਬਹੁਤ ਵਿਕਾਸ ਹੋਇਆ । ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਵਿਚ ਤਾਂ ਉਨ੍ਹਾਂ ਦੇ ਦਰਬਾਰ ਵਿਚ ਭਾਵੇਂ ਰਾਜ ਸਹਾਇਤਾ ਵੀ ਪ੍ਰਾਪਤ ਸੀ ਪਰ ਕੁਝ ਇਤਿਹਾਸਕ ਤੱਥਾਂ ਮੁਤਾਬਕ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਾਸ਼ਨ ਕਾਲ ਵਿਚ ਮਨਸਾ ਸਿੰਘ ਨਾਮੀ ਇਕ ਬੜੀ ਉਦਾਰਤਾ ਵਾਲਾ ਪ੍ਰਸਿੱਧ ਰਾਗੀ ਹੁੰਦਾ ਸੀ ਜੋ ਆਪਣੀ ਕਮਜ਼ੋਰ ਆਰਥਕ ਹਾਲਤ ਹੁੰਦੇ ਹੋਏ ਵੀ ਕੀਰਤਨ ਪਰੰਪਰਾ 'ਚ ਧਨ ਦੀ ਕਾਮਨਾ ਤੋਂ ਅਭਿੱਜ ਤੇ ਨਿਰਲੇਪ ਸੀ ਅਤੇ ਇਸ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਵਿਰੁੱਧ ਸਮਝਦੇ ਸਨ । ਮਹਾਰਾਜਾ ਦੇ ਦਰਬਾਰ ਵਿਚ ਦੋ ਹੋਰ ਪ੍ਰਸਿੱਧ ਯੁਗਲਬਧ ਗਾਇਕਾਂ ਦਾ ਪਤਾ ਲਗਦਾ ਹੈ ਜੋ ਪਹਿਲਾਂ ਮੁਸਲਮਾਨਾਂ ਦੇ ਅੰਤਿਮ ਬਾਦਸ਼ਾਹ ਬਹਾਦਰ

ਰਾਗੀ ਜੱਥਾ
ਭਾਈ ਕਰਮ ਸਿੰਘ 'ਰਤਨ'

*ਭਾਈ ਸਾਹਿਬ ਪੈਰਿਸ, ਫਰਾਂਸ, ਹਾਲੈਂਡ, ਜਰਮਨ ਆਦਿ ਦੇਸ਼ਾਂ ਵਿਚ ਯੂਰਪ ਦੀ ਕੀਰਤਨ-ਯਾਤਰਾ ਕਰਕੇ ਵਾਪਸ ਪਰਤ ਆਏ ਹਨ । ਸੰਗਤਾਂ ਉਹਨਾਂ ਦਾ ਨਵਾਂ ਪਤਾ ਨੋਟ ਕਰਨ ਦੀ ਕਿਰਪਾਲਤਾ ਕਰਨ ਜੀ :*

*ਭਾਈ ਕਰਮ ਸਿੰਘ ਰਤਨ*
*ਮਕਾਨ ਨੰ: 3121, ਗਲੀ ਨੰ: 3*
*ਸ਼ਿਮਲਾ ਕਾਲੋਨੀ, ਨੇੜੇ ਕੈਲਾਸ਼ ਨਗਰ*
*ਲੁਧਿਆਣਾ-141007*

ਸ਼ਾਹ ਜ਼ਫਰ ਦੇ ਸਮੇਂ ਉਸਦੇ ਰਾਜ-ਮਹਿਲਾਂ ਦੇ ਦਰਬਾਰੀ ਗਾਇਕ ਸਨ। ਇਨ੍ਹਾਂ ਯੁਗਲ-ਬਧ ਕਲਾਕਾਰਾਂ ਨੇ ਆਪਣੀ ਕਲਾ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਮੁਗਧ ਕਰ ਲਿਆ ਤੇ ਉਨ੍ਹਾਂ ਦੇ ਦਰਬਾਰੀ ਗਾਇਕ ਬਣੇ। ਇਹ ਗਾਇਕ ਮਹਾਰਾਜਾ ਦੇ ਦਰਬਾਰ ਵਿਚ ਪੰਜਾਬੀ ਲੋਕ ਗਾਇਕੀ, ਲੋਕ ਗਾਥਾਵਾਂ ਤੇ ਲੋਕ ਗੀਤਾਂ ਦੀ ਕਲਾ ਦੇ ਜੌਹਰ-ਪ੍ਰਦਰਸ਼ਣ ਨਾਲ ਦਰਬਾਰ ਨੂੰ ਮੁਗਧ ਕਰ ਦਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਸੰਗੀਤ ਕਲਾ ਦੇ ਚੰਗੇ ਪਾਰਖੂ ਸਨ। ਉੱਤਮ ਕਲਾਕਾਰਾਂ ਨੂੰ ਆਪਣੇ ਦਰਬਾਰ ਵਿੱਚ ਸਨਮਾਨ ਤੇ ਸਥਾਨ ਦਿੰਦੇ ਸਨ। ਉਨ੍ਹਾਂ ਦੇ ਦਰਬਾਰ ਵਿਚ ਉੱਚ ਕੋਟੀ ਦੇ ਰਾਗੀ, ਢਾਡੀ ਤੇ ਤਬਲਚੀ ਸਨ ਜਿਨ੍ਹਾਂ ਨੂੰ ਰਾਜ ਸਹਾਇਤਾ ਵੀ ਪ੍ਰਾਪਤ ਸੀ। ਕਿਹਾ ਜਾਂਦਾ ਹੈ ਕਿ ਤਬਲੇ ਦਾ ਪ੍ਰਸਿੱਧ ਘਰਾਣਾ 'ਨਾਈਆਂ ਦੇ ਘਰਾਣੇ' ਦਾ ਨਿਰਮਾਣ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਤੋਂ ਹੀ ਹੋਇਆ। ਇਸ ਘਰਾਣੇ ਨਾਲ ਸੰਬੰਧਤ ਇਕ ਕਥਾ ਇਸ ਪ੍ਰਕਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ 'ਮੀਰਾ ਬਾਈ' ਨਾਮ ਦੀ ਇਕ ਉੱਚ ਕੋਟੀ ਦੀ ਗਾਇਕਾ ਹੋਈ ਸੀ। ਉਸ ਨੇ ਇਕ ਵਾਰੀ ਮਹਾਰਾਜਾ ਪਾਸੋਂ ਆਪਣੇ ਸ਼ਾਸਤਰੀ ਗਾਇਨ ਨਾਲ ਸੰਗਤ ਕਰਨ ਲਈ ਇਕ ਉੱਚ ਕੋਟੀ ਦੇ ਤਬਲਾ ਵਾਦਕ ਦੀ ਮੰਗ ਕੀਤੀ, ਜਿਸ ਨੇ ਕਿਸੇ ਸੰਗੀਤ ਘਰਾਣੇ ਦੇ ਉੱਚ ਕੋਟੀ ਦੇ ਕਲਾਕਾਰ ਕੋਲੋਂ ਤਬਲੇ ਦੀ ਵਿੱਦਿਆ ਹਾਸਲ ਕੀਤੀ ਹੋਵੇ। ਮਹਾਰਾਜਾ ਨੇ ਉਸ ਦੀ ਇਹ ਮੰਗ ਸਵੀਕਾਰ ਕਰ ਲਈ ਅਤੇ ਆਪਣੇ ਦਰਬਾਰੀ ਸਿੰਘਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਇੱਕ ਗੁਰਸਿੱਖ ਬੱਚਾ ਭੇਟ ਕੀਤਾ ਜਾਏ। ਉਹ ਉਸ ਬੱਚੇ ਨੂੰ ਸੰਪੂਰਨ ਵਿੱਦਿਆ ਦਿਵਾ ਕੇ ਚੰਗਾ ਤਬਲਚੀ ਬਣਾਉਣਾ ਚਾਹੁੰਦੇ ਸਨ, ਪਰ ਮਹਾਰਾਜਾ ਨੂੰ ਕਿਸੇ ਵੀ ਸਿੰਘ ਪਾਸੋਂ ਬੱਚਾ ਪ੍ਰਾਪਤ ਨਾ ਹੋਇਆ, ਤਾਂ ਦਰਬਾਰ ਵਿਚ ਕੰਮ ਕਰਦੇ ਇਕ ਨਾਈ ਨੇ ਬੱਚਾ ਭੇਟ ਕੀਤਾ ਜੋ ਮੱਝਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ। ਉਸ ਨਾਈ ਨੂੰ ਮਹਾਰਾਜਾ ਨੇ ਤੀਹ ਰੁਪਏ ਮਹੀਨਾ ਵਜ਼ੀਫੇ ਵਜੋਂ ਦੇਣਾ ਸਵੀਕਾਰ ਕੀਤਾ, ਜਦ ਕਿ ਉਸ ਸਮੇਂ ਉਸ ਨਾਈ ਦੀ ਮਹਾਵਾਰੀ ਤਨਖਾਹ ਕੇਵਲ ਸੱਤ ਰੁਪਏ ਮਹੀਨਾ ਸੀ। ਉਸ ਨਾਈ ਦੇ ਸਪੁੱਤਰ ਮੱਝਾ ਸਿੰਘ ਨੂੰ ਮਹਾਰਾਜਾ ਨੇ ਉੱਚ ਕੋਟੀ ਦੇ ਗੁਣੀ ਪਖਾਵਜੀ ਅਤੇ ਤਬਲਾ ਵਾਦਕਾਂ ਤੋਂ ਵਿੱਦਿਆ ਦਿਵਾ ਕੇ ਇਕ ਚੰਗੇ ਤਬਲਚੀ ਵਜੋਂ ਤਿਆਰ ਕੀਤਾ। ਬਾਅਦ ਵਿਚ ਇਹ ਬੱਚਾ ਵੱਡਾ ਹੋ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਹਜ਼ੂਰੀ ਰਾਗੀ ਵਜੋਂ ਸੇਵਾ ਕਰਦਾ ਰਿਹਾ। ਉਸ ਸਮੇਂ ਦਰਬਾਰ ਸਾਹਿਬ ਵਿੱਚ ਇਸ ਰਾਗੀ ਨੂੰ ਮਹੱਤਵਪੂਰਨ ਸਥਾਨ ਹਾਸਲ ਸੀ ਅਤੇ ਮਾਸਿਕ ਵੇਤਨ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਨੁਸਾਰ ਦਰਬਾਰ ਸਾਹਿਬ ਦੇ ਚੜ੍ਹਾਵੇ ਵਿਚੋਂ ਵੀ ਇਕ ਤਿਹਾਈ ਹਿੱਸਾ ਮਾਇਆ ਦਿੱਤੀ ਜਾਂਦੀ ਸੀ। ਮੱਝਾ ਸਿੰਘ ਤੋਂ ਬਾਅਦ ਉਸ ਦੇ ਤਿੰਨ ਪੁੱਤਰਾਂ ਨੇ ਵੀ ਤਬਲੇ ਦੀ ਸੰਪੂਰਨ ਵਿੱਦਿਆ ਪ੍ਰਾਪਤ ਕੀਤੀ ਅਤੇ ਉਹ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਕਰਦੇ ਰਹੇ। ਉਸ ਸਮੇਂ ਤੋਂ ਤਬਲੇ ਦਾ ਇਹ ਘਰਾਣਾ, 'ਨਾਈਆਂ ਦੇ ਘਰਾਣੇ' ਵਜੋਂ ਹੋਂਦ ਵਿਚ ਆਇਆ। ਭਾਵੇਂ ਵਕਤ ਦੀਆਂ ਲਪੇਟਾਂ ਵਿਚ ਇਹ ਘਰਾਣੇ ਲੁਪਤ ਹੋ ਗਏ ਹਨ ਪਰ ਇਤਿਹਾਸ ਨੂੰ ਹੋਰ ਚੰਗੀ ਤਰ੍ਹਾਂ ਘੋਖਣ ਦੀ ਲੋੜ ਹੈ ਤਾਂ ਜੁ ਇਹਨਾਂ ਘਰਾਣਿਆਂ ਦੀ ਵੰਸ਼ ਪਰੰਪਰਾ ਪ੍ਰਾਪਤ ਹੋਵੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸੰਗੀਤ ਪ੍ਰੇਮ ਤੇ ਉਦਾਰਤਾ ਦੀਆਂ ਹੋਰ ਵੀ ਮਿਸਾਲਾਂ ਮਿਲ ਸਕਣ।

### ਇਕ ਚੰਗੀ ਆਦਤ

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ। ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ। 5 ਜਾਂ 6 ਮਹੀਨੇ ਬਾਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ।*



# ਇੱਕ ਅਮੋਲਕ ਜੀਵਨ : ਪ੍ਰੋਫੈਸਰ ਕਰਤਾਰ ਸਿੰਘ ਜੀ

ਪ੍ਰਿੰ: ਗੁਰਮੁਖ ਸਿੰਘ

15-4-95 ਵੈਸਾਖੀ ਤੋਂ ਅਗਲੇ ਦਿਨ ਆਪ ਗੁਰਪੁਰੀ ਪਇਆਨੇ ਕਰ ਗਏ । ਆਪ ਦਾ ਜਨਮ ਤਿੰਨ ਫਰਵਰੀ 1904 ਨੂੰ ਹੋਇਆ । 91 ਸਾਲ ਦੀ ਅਵਸਥਾ ਵਿਚ ਆਪ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਏ । ਫੁਰਮਾਨ ਹੈ :

**ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥**
**ਿ [illegible] ਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥੧੬੯॥**

(ਗਉੜੀ ਮਾਝ ਮ: ੫, ਪੰਨਾ 217-18)

ਸੋ ਆਪ ਉਹਨਾਂ ਇਕ ਅੱਧ ਰਸ ਰਸੀਅੜਿਆ ਵਿਚੋਂ ਸਨ ਜਿਨ੍ਹਾਂ ਦੀ ਜਵਾਨੀ ਅਵਸਥਾ ਵਿਚ ਹੀ ਅਤਮਕ ਜਾਗ ਖੁਲ ਰਹੀ ਸੀ ।

ਪ੍ਰੋ: ਕਰਤਾਰ ਸਿੰਘ ਜੀ ਨੇ ਭਾਵੇਂ ਪਛਮੀ ਸਿਖਿਆ ਪ੍ਰਣਾਲੀ ਦੀਆਂ ਬੀ.ਕਾਮ., ਐਮ.ਏ. ਪੋਲੀਟੀਕਲ ਸਾਇੰਸ ਅਤੇ ਐਮ.ਏ. ਇਕੋਨਾਮਿਕਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਅਤੇ ਇਹਨਾਂ ਵਿਸ਼ਿਆਂ ਦੇ ਪੜਨ ਪੜਾਉਣ (ਅਧਿਆਪਨ) ਵਿਚ 1924 ਤੋਂ 1965 ਤਕ 41 ਵਰ੍ਹੇ ਲਗੇ ਰਹੇ, ਪਰ ਆਪ ਆਤਮਕ ਤੌਰ ਤੇ ਜਾਗ ਚੁਕੇ ਵਿਅਕਤੀ ਹੋਣ ਕਰਕੇ ਪਦਾਰਥ ਦੇ ਪਿਛੇ ਨਾ ਪਏ ਅਤੇ ਪਰਮਾਰਥ ਨੂੰ ਹੀ ਆਪਣਾ ਜੀਵਨ ਮਨੋਰਥ ਬਣਾਈ ਰਖਿਆ ।

ਆਪ ਦਾ ਜਨਮ ਵੀਹਵੀਂ ਸਦੀ ਦੇ ਇਕ ਗੁਰਸਿੱਖ ਘਰਾਣੇ ਵਿਚ ਹੋਇਆ । ਆਪ ਦੇ ਪਿਤਾ ਸ: ਹਜ਼ੂਰਾ ਸਿੰਘ ਜੀ ਸਿੰਘ ਸਭਾ ਲਹਿਰ ਦੇ ਸਰਗਰਮ ਉਸਰਈਏ ਸਨ । ਜਦੋਂ 1901 ਵਿਚ ਚੀਫ ਖਾਲਸਾ ਦੀਵਾਨ ਦੀ ਸਥਾਪਨਾ ਕੀਤੀ ਗਈ ਤਾਂ ਆਪ ਇਸ ਸੰਸਥਾ ਦੇ ਮੁਖੀਆਂ ਵਿਚੋਂ ਸਨ । ਫਿਰ ਆਪਦੇ ਚਾਚਾ ਜੀ ਸ੍ਰ. ਅਤਰ ਸਿੰਘ ਜੀ ਭੀ ਸਿੰਘ ਸਭਾ ਦੇ ਸਿਰਕੱਢ ਕਰਤਿਆਂ ਵਿਚੋਂ ਸਨ । ਅੰਮ੍ਰਿਤਸਰ ਸ਼ਹਿਰ ਵਿਚ ਸ਼ਾਇਦ ਗੁਰ ਮਰਿਯਾਦਾ ਅਨੁਸਾਰ ਇਨਾਂ ਦਾ ਪਹਿਲਾ ਅਨੰਦ ਕਾਰਜ ਹੋਇਆ ਸੀ ।

ਆਪ ਦੇ ਜਵਾਨੀ ਵਿਚ ਪੈਰ ਧਰਦਿਆਂ ਸ੍ਰੀ ਅੰਮ੍ਰਿਤਸਰ ਵਿਚ ਐਸੀਆਂ ਘਟਨਾਵਾਂ ਵਾਪਰੀਆਂ ਜਿਸ ਨੇ ਉਭਰਦੇ ਨੌਜਵਾਨ ਪ੍ਰੋ: ਕਰਤਾਰ ਸਿੰਘ ਜੀ ਦੇ ਮਨ ਉਤੇ ਡੂੰਘੀ ਛਾਪ ਛੱਡੀ ਹੋਵੇਗੀ । 1919 ਵਿਚ ਜਲਿਆ ਵਾਲੇ ਬਾਗ ਦੇ ਖੂਨੀ ਸਾਕਾ, ਫਿਰ ਫਰਵਰੀ 1921 ਵਿਚ ਗੁਰਦੁਆਰਿਆਂ ਨੂੰ ਪੁਜਾਰੀ ਵਰਗ ਅਤੇ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸ੍ਰੀ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਨੇ ਸਮੁੱਚੇ ਖਾਲਸਾ ਪੰਥ ਨੂੰ ਝੰਜੋੜ ਕੇ ਰੱਖ ਦਿਤਾ । ਥਾਂ ਥਾਂ ਰੋਸ ਜਲੂਸ ਕੱਢੇ ਗਏ । ਸ਼ਹੀਦੀ ਜਥੇ ਕਾਇਮ ਹੋਏ । ਗ੍ਰਿਫਤਾਰੀਆਂ ਹੋਈਆਂ । 1923 ਵਿਚ ਜੈਤੋਂ ਦਾ ਮੋਰਚਾ ਲਗਾ।

ਆਪ ਦੇ ਪਿਤਾ 16 ਦਸੰਬਰ 1949 ਵਿਚ ਗੁਰੂ ਚਰਨਾ ਵਿਚ ਜਾ ਬਿਰਾਜੇ । ਉਹਨਾਂ ਦੀ ਮੇਜ਼ ਉਤੇ ਪ੍ਰੋਫੈਸਰ ਸਾਹਿਬ ਨੂੰ ਪਿਤਾ ਵਲੋਂ ਇਕ ਲਿਖਤ ਮਿਲੀ । ਇਸ ਵਿਚ ਸ੍ਰ: ਹਜ਼ੂਰਾ ਸਿੰਘ ਜੀ ਨੇ ਚੀਫ ਕਾਲਸਾ ਦੀਵਾਨ ਦੀਆਂ 17 ਕੁ ਸੰਸਥਾਵਾਂ ਦਾ ਨਾਮ ਲਿਖ ਕੇ ਰੱਖ ਦਿਤਾ ਅਤੇ ਪ੍ਰੋ: ਕਰਤਾਰ ਸਿੰਘ ਜੀ ਨੇ ਇਸ ਨੂੰ ਅਪਣੇ ਪਿਤਾ ਦੀ ਆਖਰੀ ਹਦਾਇਤ ਮੰਨ ਕੇ ਅਪਣਾ ਲਿਆ ਕਿ :

**"ਬੇਟਾ ਚੀਫ ਖਾਲਸਾ ਦੀਵਾਨ ਰਾਹੀਂ ਪੰਥ ਦੀ ਸੇਵਾ ਕਰਨੀ ਹੈ "।**

ਜਿਸ ਜਿਸ ਸਿੱਖ ਉਤੇ ਗੁਰੂ ਨੇ ਮਿਹਰ ਕੀਤੀ ਉਹ ਸਿਮਰਨ ਅਤੇ ਸੇਵਾ ਵਿਚ ਸਾਵਧਾਨ ਹੋ ਜਾਂਦਾ ਹੈ । ਪ੍ਰੋ: ਕਰਤਾਰ ਸਿੰਘ ਜੀ ਵਡਭਾਗੇ ਸਨ ਜਿਨਾਂ ਨੇ ਗੁਰੂ-ਦੁਆਰਾ ਨਾਮ ਸਿਮਰਨ ਅਤੇ ਸੇਵਾ ਵਿਚ ਰੰਗੇ ਹੋਏ ਮਹਾਨ ਗੁਰਸਿੱਖਾਂ ਦੇ ਦਰਸ਼ਨ ਕੀਤੇ । ਮੇਰਾ ਇਸ਼ਾਰਾ ਹੈ ਸੰਤ ਬਾਬਾ ਸ਼ਾਮ ਸਿੰਘ ਜੀ ਵਲ ਹੈ । ਉਨਾਂ ਨੇ 38 ਸਾਲ ਲਗਾਤਾਰ ਸ੍ਰੀ ਦਰਬਾਰ ਸਾਹਿਬ ਵਿਖੇ ਤ੍ਰਿਪਹਿਰੇ ਦੇ ਕੀਰਤਨ ਦੀ ਸੇਵਾ ਕੀਤੀ ਹੈ (ਤ੍ਰਪਹਿਰੇ ਦਾ ਸਮਾਂ ਮੌਸਮ ਅਨੁਸਾਰ ਅੰਮ੍ਰਿਤ ਵੇਲੇ 2.30 ਵਜੇ ਤੋਂ 3.30 ਵਜੇ ਦੇ ਦਰਮਿਆਨ ਹੁੰਦਾ ਹੈ, ਆਸਾ ਜੀ ਕੀ ਵਾਰ ਦੇ ਕੀਰਤਨ ਤੋਂ ਇਕ ਘੰਟਾ ਪਹਿਲਾਂ ਦਰਸ਼ਨੀ ਡਿਉੜੀ ਦੇ ਲਾਗੇ ਕੀਰਤਨ ਹੁੰਦਾ ਹੈ । ਉਸ ਸਮੇਂ ਗੁਰੂ ਮਹਾਰਾਜ ਦਾ ਪ੍ਰਕਾਸ਼ ਨਹੀਂ ਹੁੰਦਾ, ਥੋੜ੍ਹੀ ਜਿਹੀ ਸੰਗਤ ਕੀਰਤਨ ਸਰਵਨ ਕਰਨ ਲਈ ਜੁੜਦੀ ਹੈ ।) ਅੱਜਕੱਲ ਇਹ ਸੇਵਾ ਸ੍ਰੀ ਦਰਬਾਰ ਸਾਹਿਬ ਵਿਖੇ ਨਿਯੁਕਤ ਰਾਗੀ ਵਾਰੀ ਵਾਰੀ ਨਿਭਾਉਂਦੇ ਹਨ । ਪਰ 38 ਸਾਲ ਲਗਾਤਾਰ ਇਸ ਸੇਵਾ ਨੂੰ ਬਾਬਾ ਸ਼ਾਮ ਸਿੰਘ ਜੀ ਇਕਲਿਆਂ ਹੀ ਨਿਭਾਉਂਦੇ ਰਹੇ । ਇਹੋ ਜਿਹੇ ਨਿਸ਼ਕਾਮ ਗੁਰਸਿੱਖ ਮਾਡਲ ਦੇ ਪ੍ਰੋਫੈਸਰ ਸਾਹਿਬ ਨੇ ਦਰਸ਼ਨ ਕੀਤੇ । ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਦੀ ਕਥਾ ਅਤੇ ਸੰਤ ਬਾਬਾ ਅੱਤਰ ਸਿੰਘ ਜੀ ਦਾ ਰਸ ਭਿੰਨਾ ਕੀਰਤਨ ਪ੍ਰੋਫੈਸਰ ਸਾਹਬ ਦੇ ਕੰਨਾ ਵਿਚ ਗੂੰਜਦਾ ਰਹਿੰਦਾ ਸੀ । ਉਸ ਸਮੇਂ ਦੇ ਪ੍ਰਕਾਸ਼ਤ ਹੁੰਦੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਟ੍ਰੈਕਟ, ਆਪ ਦੇ ਅਧਿਐਨ ਵਿਚ ਸ਼ਾਮਲ ਸਨ । ਰਸਾਲਾ 'ਅੰਮ੍ਰਿਤ', ਬੜਾ ਸਿਰਕੱਡ ਮਾਸਿਕ ਪੱਤਰ ਸੀ ਜਾਂ ਹੋਰ ਕਈ ਪ੍ਰਕਾਰ ਦੇ ਲੇਖ, ਅਤੇ ਲੈਕਚਰ, ਇਕ ਪੜ੍ਹੇ ਲਿਖੇ ਨੌਜਵਾਨ ਲਈ ਬੋਧਿਕ ਸਨ ਜੋ ਆਤਮਕ ਖੁਰਾਕ ਦਾ ਕਮ ਕਰਦੇ ਸਨ ।

ਇਹਨਾਂ ਸਾਰਿਆਂ ਦੇ ਮਿਲਵੇਂ ਪ੍ਰਭਾਵ ਨੇ ਇਕ ਅਜੇਹੀ ਸ਼ਖਸੀਅਤ ਨੂੰ ਤਿਆਰ ਕੀਤਾ ਜਿਸ ਨੇ ਆਪਣੇ ਜੀਵਨ ਦਾ ਮਨੋਰਥ ਹੀ ਇਹੋ ਬਣਾ ਲਿਆ ਸੀ ਕਿ ਆਪਣਾ ਜੀਵਨ ਸਫਲ ਕਰਦਿਆਂ ਸਿੱਖ ਕੌਮ ਲਈ ਵੱਧ ਤੋਂ ਵੱਧ ਗੁਰਬਾਣੀ ਦਾ ਪ੍ਰਚਾਰ ਕਰਨਾ ਹੈ । ਪ੍ਰੋ: ਕਰਤਾਰ ਸਿੰਘ ਜੀ ਨੂੰ ਅੰਦਰੋਂ ਹੀ ਕੌਮ ਦੀ ਵਿਦਿਆ-ਦਾਨ ਰਾਹੀਂ ਸੇਵਾ ਕਰਨ ਦਾ ਚਾਅ ਜਵਾਨੀ ਉਮਰੇ ਹੀ ਚੜ੍ਹਿਆ । 1924 ਵਿਚ ਜਦੋਂ ਆਪ 20 ਕੁ ਸਾਲਾਂ ਦੇ ਨੌਜਵਾਨ ਸਨ, ਆਪ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਟੀਚਿੰਗ ਸਰਵਿਸ ਆਰੰਭ ਕੀਤੀ । ਅੰਮ੍ਰਿਤਸਰ ਵਿਖੇ ਨੌਜਵਾਨ ਪ੍ਰੋਫੈਸਰ ਕਰਤਾਰ ਸਿੰਘ ਰੋਜ਼ਾਨਾ ਹਰਿਮੰਦਰ ਸਾਹਿਬ ਹਾਜ਼ਰੀ ਭਰਦੇ ਤੇ ਘੰਟਿਆਂ ਬੱਧੀ ਸ਼ਬਦ ਕੀਰਤਨ ਸੁਣਿਆ ਕਰਦੇ ਸਨ । ਆਪ ਜਦੋਂ ਗੌ: ਕਾਲਜ ਹੁਸ਼ਿਆਰਪੁਰ ਵਿਚ ਪੋਲੀਟੀਕਲ ਸਾਇੰਸ ਦੇ ਪ੍ਰੋਫੈਸਰ ਸਨ, ਤਾਂ ਭੀ (1958 ਤਕ ਜਦੋਂ ਆਪ ਉਥੋਂ ਸੇਵਾ ਮੁਕਤ ਹੋਏ), ਸ੍ਰੀ ਗੁਰੂ ਨਾਨਕ ਸਾਹਿਬਜਾਦਾ ਪ੍ਰਕਾਸ਼ ਦਿਨ ਕਾਲਜ ਵਿਖੇ ਮਨਾਉਂਦੇ ਰਹੇ । ਹੁਸ਼ਿਆਰਪੁਰ ਕਾਲਜ ਵਿਖੇ ਹਰ ਵਿਅਕਤੀ ਚਾਹੇ ਉਹ ਟੀਚਰ ਜਾਂ ਵਿਦਿਆਰਥੀ, ਚਾਹੇ ਉਹ ਚਪੜਾਸੀ, ਜਾ ਬੇਲਦਾਰ ਜਾਂ ਮਾਲੀ ਜਾਂ ਆਫਿਸ ਸੁਪਰਡੈਂਟ ਸੀ ਸਭ ਨੇ ਸ਼ਰਧਾ ਨਾਲ ਉਸ ਦਿਨ ਨੂੰ ਮਨਾਉਣਾ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ । ਪ੍ਰੋ: ਕਰਤਾਰ ਸਿੰਘ ਜੀ ਨੇ ਇਸ ਸਮਾਗਮ ਨੂੰ ਸਫਲ ਬਨਾਉਣ ਲਈ ਅਣਥਕ ਸੇਵਾ ਕਰਨੀ ਅਤੇ ਆਪ ਸਤਿਗੁਰਾਂ ਦੀਆਂ ਖੁਸ਼ੀਆਂ ਦੇ ਪਾਤਰ ਬਣਦੇ ਅਤੇ ਹੋਰਨਾਂ ਦੇ ਜਨਮ ਨੂੰ ਭੀ ਸਫਲਾਉਂਦੇ । ਉਹਨਾਂ ਦੇ ਰੀਟਾਇਰ ਹੋਣ ਤੋਂ ਮਗਰੋਂ ਇਹੋ ਜਿਹੇ ਸਮਾਗਮ ਮੁੜ ਉਸ ਕਾਲਿਜ ਵਿਚ ਕਦੀ ਨਹੀਂ ਹੋਏ । 1924 ਤੋਂ 1958 ਤਕ ਦੇ ਅਧਿਆਤਮਕ ਸਫਰ ਤੋਂ ਇਕ ਗੱਲ ਤਾਂ ਸਪਸ਼ਟ ਹੁੰਦੀ ਹੈ ਕਿ ਪ੍ਰੋਫੈਸਰ ਸਾਹਿਬ ਜਿਥੇ ਭੀ ਰਹੇ ਸਦਾ ਆਪ ਭੀ ਬਾਣੀ ਦਾ ਡੂੰਘਾ ਅਧਿਐਨ ਕਰਦੇ ਅਤੇ ਹੋਰਨਾਂ ਨੂੰ ਭੀ ਪ੍ਰੇਰ ਪ੍ਰੇਰ ਕੇ ਬਾਣੀ ਨਾਲ ਜੋੜਦੇ । (ਦੇਖੋ "ਵਿਦਿਆ ਨੂੰ ਰੁਹਾਨੀ ਸੇਧ ਦੇਣ ਵਾਲੇ ਪ੍ਰੋ. ਕਰਤਾਰ ਸਿੰਘ-ਪੰਜਾਬੀ ਟ੍ਰਬਿਊਨ 11-5-95")

ਪ੍ਰੋ. ਸਾਹਬ ਦਾ ਜੀਵਨ ਵਾਲੇ ਕੀਰਤਨੀਆਂ, ਕਥਾ ਕਾਰਕਾਂ ਤੇ ਪ੍ਰਚਾਰਕਾਂ ਨਾਲ ਬੜਾ ਸਨੇਹ ਸੀ । ਹਫਤਾ ਹਫਤਾ ਭਰ ਇਨ੍ਹਾਂ ਦੇ ਘਰ ਭਾਈ ਜਵਾਲਾ ਸਿੰਘ ਜੀ (ਠੱਟੇ ਟਿਬੇ ਵਾਲੇ) ਸੁਪ੍ਰਸਿੱਧ ਭਾਈ ਸ: ਸਮੁੰਦ ਸਿੰਘ ਜੀ, ਭਾਈ ਸੁਧ ਸਿੰਘ ਪ੍ਰਧਾਨ ਸਿੰਘ (ਸਰਗੋਧੇ ਵਾਲੇ), ਸਿੰਧੀ ਜਥੇ ਸੰਤ ਸਜਨ ਸਿੰਘ ਜੀ (ਝੰਗ ਮਘਿਆਣੇ ਵਾਲੇ), ਸੈ: ਖ:, ਯਤੀਮ ਖਾਨੇ ਦੇ ਕੀਰਤਨੀਏ ਬਚੇ ਮਹਿਮਾਨ ਹੁੰਦੇ ਸਨ । ਸਭ ਪ੍ਰਵਾਰ ਬੜੇ ਪਿਆਰ ਨਾਲ ਸੇਵਾ ਕਰਦਾ ਸੀ ।

1940 ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਦੇ ਇਕ 95 ਸਾਲ ਦੇ ਬਿਰਧ ਗ੍ਰੰਥੀ ਬਾਬਾ ਨਰਾਇਣ ਸਿੰਘ ਜੀ ਨੇ ਅਰਦਾਸਾ ਕਰਕੇ ਪ੍ਰੋ. ਕਰਤਾਰ ਸਿੰਘ ਨੂੰ ਕਥਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਦੀ ਤਾਬਿਆ ਬੈਠਾ ਦਿਤਾ । ਅਗੰਮੀ ਬਖਸ਼ਸ਼ ਹੋਈ ਉਥੋਂ ਇਨ੍ਹਾਂ ਨੇ ਕਥਾ ਕਰਨੀ ਅਰੰਭ ਕੀਤੀ । ਤੇ ਕੋਈ 25-30 ਸਾਲ, ਗੁਰੂ ਸਦਕਾ, ਕਥਾ ਦਾ ਰਸ ਭਿੰਨੜਾ ਦੌਰ ਚਲਿਆ । 1958 ਵਿਚ ਰੀਟਾਇਰ ਹੋ ਕੇ ਆਪਨੇ ਇਕ ਸਾਲ "ਮਾਲਵਾ ਖਾਲਸਾ ਕਾਲਜ ਫਾਰ ਵਿਮਨ ਲੁਧਿਆਨੇ" ਦੇ ਐਕਟਿੰਗ ਪ੍ਰਿੰਸੀਪਲ ਦੀ ਸੇਵਾ ਸੰਭਾਲੀ । ਲੁਧਿਆਨੇ ਰਹਿੰਦਿਆਂ ਆਪ ਹਰ ਰੋਜ਼ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਹਾਜ਼ਰੀ ਭਰਦੇ ਅਤੇ ਉਥੇ ਇਨਾਂ ਨੇ ਇਕ ਘੰਟਾ ਕਥਾ ਭੀ ਕਰਨੀ । ਦਸਦੇ ਹਨ ਕਿ "ਕਰਤਾ ਪੁਰਖ" ਤੇ ਵਿਚਾਰ ਕਰਦਿਆਂ ਇਨਾਂ ਨੇ ਗੁਰਬਾਣੀਆਂ ਦੀਆਂ ਅਨੇਕਾਂ ਤੁਕਾਂ ਦੇ ਅਧਾਰ ਤੇ ਲਗਭਗ ਇਕ ਹਫਤਾ ਹੀ ਲਗਾ ਦਿਤਾ ।

ਉਹਨਾਂ ਦੇ ਅਧਿਆਨ ਕਾਲ ਦੀਆਂ ਅਨੇਕਾਂ ਐਸੀਆਂ ਉਦਾਹਰਣਾ ਹਨ, ਜੋ ਪ੍ਰੋਫੈਸਰ ਸਾਹਿਬ ਦੀ ਪਰਉਪਕਾਰੀ ਬਿਰਤੀ ਵਲ ਸੰਕੇਤ ਕਰਦੀਆਂ ਹਨ । ਗਰੀਬ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਸੇਵਾ ਕਰਨੀ, ਉਹਨਾਂ ਲਈ ਬਸਤਰ ਤੇ ਪੁਸਤਕਾਂ ਦਾ ਪ੍ਰਬੰਧ ਕਰਨਾ । ਹਰ ਲੋੜਵੰਦ ਲਈ ਪ੍ਰੋ: ਕਰਤਾਰ ਸਿੰਘ ਜੀ ਦਾ ਦਰ ਖੁਲਾ ਸੀ । ਕਈ ਵਾਰੀ ਉਹਨਾਂ ਨੇ ਗਰੀਬ ਵਿਦਿਆਰਥੀ ਨੂੰ ਆਪਣੇ ਘਰ ਥਾਂ ਭੀ ਦਿਤੀ । ਇਹੋ ਜਿਹੇ ਪਰਉਪਕਾਰੀ ਘਟਨਾਵਾਂ ਤੋਂ ਸੰਕੇਤ ਮਿਲਦੇ ਹਨ ਕਿ ਆਪ ਅੰਦਰ ਜੋ ਆਤਮਕ ਚਾਨਣ ਜਵਾਨੀ ਉਮਰੇ ਉਜਾਗਰ ਹੋਇਆ ਸੀ, ਉਸ ਨੇ ਆਪ ਅੰਦਰ ਬ੍ਰਹਮ ਗਿਆਨੀ ਦੇ ਕੁਝ ਕੁ ਲਛਣਾਂ ਵਲ ਪਰੇਰਤ ਕੀਤਾ ਸੀ ।

(ਸ) ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥
(ਸੁਖਮਨੀ ਸਾਹਿਬ ਪੰਨਾ 272-273)

ਹਰ ਗੁਰੂ ਕਾ ਸਿੱਖ ਸਹਿਜੇ ਸਹਿਜੇ ਗੁਰੂ ਦੀ ਕਿਰਪਾ ਦੁਆਰਾ ਬ੍ਰਹਮ ਗਿਆਨੀ ਦੇ ਲਛਣ ਗ੍ਰਹਿਣ ਕਰਨ ਲਗ ਪੈਂਦਾ ਹੈ ।

70 ਸਾਲ ਦੀ ਉਮਰ ਵਿਚ ਭਾਵ 1974 ਵਿੱਚ ਆਪ ਦਾ ਮਾ: ਨਿਹਾਲ ਸਿੰਘ ਜੀ ਨਲ ਮੇਲ ਹੋ ਗਿਆ । ਇਕ ਦੀਪ ਤੋਂ ਦੂਜਾ ਦੀਪ ਜਗ ਪੈਂਦਾ ਹੈ । ਮਾਸਟਰ ਨਿਹਾਲ ਸਿੰਘ ਜੀ ਦੀ ਸੰਗਤ ਦੀ ਰੰਗਤ ਚੜ੍ਹੀ । ਆਪ ਨੇ ਪਹਿਲਾਂ ਮਾਸਟਰ ਜੀ ਦੇ ਕੀਰਤਨ ਸਿਖਲਾਈ ਦਾ ਢੰਗ ਵੇਖਿਆ ਤੇ ਫਿਰ ਸੰਗਤੀ ਕੀਰਤਨ ਸਿਖਾਉਣਾ ਆਪ ਆਰੰਭ ਕਰ ਦਿਤਾ । ਮੈਂ ਉਹਨਾਂ ਨੂੰ ਇਕ ਵਾਰੀ ਗਰਮੀ ਦੀ ਰੁਤੇ ਪੈਦਲ ਜਾਂਦਿਆਂ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਪਾਸ ਮਿਲਿਆ । ਪੁਛਣ ਤੇ ਉਹਨਾਂ ਦਸਿਆ ਮੈਂ ਇਥੇ ਰੋਜ਼ਾਨਾ ਹੁਸ਼ਿਆਰਪੁਰ ਤੋਂ ਦੁਪਹਿਰ ਦੇ ਸਮੇਂ ਮਿਸ਼ਨ ਹਸਪਤਾਲ ਦੇ ਗੁਰਦੁਆਰੇ ਸਾਹਿਬ ਵਿਖੇ ਸੌ ਕੁ ਬੀਬੀਆਂ ਨੂੰ ਕੀਰਤਨ ਸਿਖਾਉਣ ਲਈ ਆਉਂਦਾ ਹਾਂ । ਇਹ ਹੈ ਤਨ, ਮਨ ਅਤੇ ਧਨ ਨਾਲ ਗੁਰੂ ਦੀ ਸੇਵਾ ਕਰਨੀ । ਇਹ ਹੈ "ਆਪਿ ਜਪੈ ਅਵਰਾ ਨਾਮ ਜਪਾਵੈ ॥" ਵਾਲੇ ਆਦੇਸ਼ ਨੂੰ ਪ੍ਰੈਕਟੀਕਲ ਰੂਪ ਦੇਣ ਦਾ ਢੰਗ । ਇਹ ਵਾਰਤਾ 1978-79 ਦੀ ਹੈ ਜਦੋਂ ਆਪ ਦੀ ਉਮਰ 75 ਸਾਲ ਦੀ ਹੋ ਚੁਕੀ ਸੀ । ਸਰੀਰ ਦੀ ਪਰਵਾਹ ਨਹੀਂ, ਗਰਮੀ ਸਰਦੀ ਦੀ ਭੀ ਕੋਈ ਪਰਵਾਹ ਨਹੀਂ । ਕੇਵਲ ਸੇਵਾ ਕਰਨ ਦੀ ਲਗਨ ਵਿਚ ਮਸਤ ਤੁਰੇ ਫਿਰਦੇ ਸਨ ।

"ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥"
(ਆਸਾ ਕੀ ਵਾਰ ਪੰਨਾ 473)

ਅੰਦਰ ਸਚੇ ਸਾਹਿਬ ਨਾਲ ਲਿਵ ਲਗੀ ਹੋਈ ਸੀ, ਹਰ ਵਕਤ ਸਚੇ ਸਾਹਿਬ ਦੇ ਰੰਗ ਵਿਚ ਮਸਤ ਰਹਿੰਦੇ । ਸਚੇ ਸਾਹਿਬ ਦੀ ਸੇਵਾ ਵਿਚ ਤਤਪਰ ਰਹਿਣ ਵਾਲੇ ਨੂੰ ਥਕਾਵਟ ਕਿਥੇ ? ਉਸਦੇ ਨੇੜੇ ਨਾ ਕੋਈ ਰੋਗ ਆਵੇ ਨਾ ਕੋਈ ਸੋਗ ਆਵੇ । ਨਾਮ ਜਪਣ ਤੋਂ ਸਹਿਜ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਜਦੋਂ ਹਰ ਪਾਸੇ ਵਾਹਿਗੁਰੂ ਜੀ ਦੀ ਹਜ਼ੂਰੀ ਦੇ ਦੀਦਾਰ ਹੁੰਦੇ ਹਨ । ਕੇਵਲ ਉਸ ਅਵਸਥਾ ਵਿਚ ਹੀ ਕੀਰਤਨ ਅਤੇ ਸੇਵਾ ਪਰਵਾਨ ਹੁੰਦੀ ਹੈ ।

ਸਜਹੇ ਗਾਵਿਆ ਥਾਇ ਪਵੈ ॥ (ਸਿਰੀ ਰਾਗ ਮ:੩ ਪੰਨਾ68)

ਮੈਂ 1976 ਵਿਚ ਇਕ ਹਫਤਾ ਪ੍ਰੋਫੈਸਰ ਸਾਹਿਬ ਨਾਲ ਉਹਨਾਂ ਦੇ ਗ੍ਰਹਿ ਹੁਸ਼ਿਆਰਪੁਰ ਵਿਖੇ ਬਿਤਾਇਆ ਸੀ । ਉਦੋਂ ਮੈਨੂੰ ਨੇੜਿਓਂ ਹੋਕੇ ਵੇਖਣ ਦਾ ਮੌਕਾ ਮਿਲਿਆ ।

ਗੁਰਸਿਖੀ ਦਾ ਵੇਖਣਾ, ਗੁਰਮੁਖ ਸਾਧ ਸੰਗਤ ਗੁਰਦੁਆਰਾ ॥
(ਭਾਈ ਗੁਰਦਾਸ ਜੀ)

ਨਿੱਤ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਆਪ ਸਾਵਧਾਨ ਸਨ । ਦਿਨ ਚੜ੍ਹੇ ਨਿਤਨੇਮ ਅਤੇ ਗੁਰਦੁਆਰੇ ਸਾਹਿਬ ਦੀ ਹਾਜ਼ਰੀ ਭਰਦੇ । ਪੰਜਾਂ ਬਾਣੀਆਂ ਦੇ ਨੇਮ ਤੋਂ ਛੁਟ ਆਪ "ਦੀਨਨ ਕੀ ਪ੍ਰਤਪਾਲ" ਦੇ ਦਸ ਸਵਯੇ, ਚੌਪਈ ਸਾਹਿਬ 'ਅਫਜ਼' ਤਕ, ਅਨੰਦ ਸਾਹਿਬ, ਆਸਾ ਦੀ ਵਾਰ, ਬਾਵਨ ਅਖਰੀ ਸੁਖਮਨੀ ਸਾਹਿਬ ਅਤੇ ਇਕ ਘੰਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਭੀ ਕਰਦੇ ।

ਫਿਰ ਇਹਨਾਂ ਕੁਝ ਕਰਦਿਆਂ ਕਦੇ ਆਪਣਾ ਆਪ ਜਣਾਇਆ ਨਹੀਂ ਸੀ ।

ਕਰਕੇ ਨੀਚ ਸਦਾਵਣਾ ਤਾਂ ਪਤਿ ਅੰਦਰਿ ਲੇਖੇ ਪਾਏ ॥
(ਭਾ: ਗੁਰਦਾਸ ਜੀ)

ਇਉਂ ਸੱਤਰ ਸਾਲ ਦੀ ਉਮਰ ਤੋਂ 92 ਸਾਲ ਦੀ ਉਮਰ ਤਕ ਆਪ ਨਿਸ਼ਕਾਮ ਕੀਰਤਨ ਦੀ ਸੇਵਾ ਕਰਦੇ ਰਹੇ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਅਤੇ ਚੰਡੀਗੜ੍ਹ ਵਿਚ ਅਨੇਕਾਂ ਰੂਹਾਂ ਨੂੰ ਆਪ ਕੀਰਤਨ ਭਗਤੀ ਦੀ ਜੁਗਤ ਦਸਦੇ ਰਹੇ । ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਬਾਣੀ ਦਾ ਜੋ ਖਜ਼ਾਨਾ ਬਖਸਿਆ ਹੈ ਉਹ ਕੀਰਤਨ ਕਰਨ ਲਈ ਰਾਗਾਂ ਵਿਚ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਹੋ ਚੁੱਕੇ ਧਰਮ ਗ੍ਰੰਥਾਂ ਵਿਚ ਕਰਿਤਨ ਕਰਨ ਦੀ ਕੋਈ ਜੁਗਤ ਨਹੀਂ ਸੀ । ਕੀਰਤਨ ਮਨ ਨੂੰ ਛੇਤੀ ਗੁਰੂ ਚਰਨਾਂ ਨਾਲ ਜੋੜਨ ਦੇ ਸਮਰਥ ਹੈ । ਟੇਪਾਂ ਉਤੋਂ ਕੀਰਤਨ ਸਰਵਨ ਕਰਨ ਨਾਲੋਂ ਆਪ ਕੀਰਤਨ ਕਰਨਾ ਕਿਤੇ ਵਧੇਰੇ ਲਾਭਦਾਇਕ ਹੁੰਦਾ ਹੈ । ਕੀਰਤਨ ਕਰਨ ਨਾਲ ਮਨ ਹਰਕਤ ਵਿਚ ਆਉਂਦਾ । ਉਸਦਾ ਆਪਾ ਕੀਰਤਨ ਨਾਲ ਜੁੜ ਹੁੰਦਾ ਹੈ ।

ਜਿਥੇ ਆਪ ਕੀਰਤਨ ਸਿਖਾਂਦੇ ਸਨ ਉਥੇ ਨਾਲ ਦੇ ਨਾਲ ਗੁਰਬਾਣੀ ਦੇ ਉਸੇ ਸ਼ਬਦ ਦੇ ਸਰਲ ਅਰਥ ਭੀ ਕਰਕੇ ਸਮਝਾਂਦੇ ਸਨ ਤਾ ਕਿ ਕੀਰਤਨ ਕਰਨ ਨਾਲ ਸੁਰਤਿ ਹੋਰ ਵਧੇਰੇ ਪ੍ਰਭੂ ਚਰਨਾਂ ਨਾਲ ਜੁੜੇ । ਆਪ ਦੀ ਪ੍ਰੇਰਣਾ ਸਦਕਾ ਅਨੇਕਾਂ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਅਗੋਂ ਇਹੋ ਜਿਹੇ ਪ੍ਰਾਣੀ ਆਪਣੇ ਆਪਣੇ ਮੰਡਲਾਂ ਵਿਚ ਕੀਰਤਨ ਸਿਖਲਾਉਣ ਦੀ ਜੁਗਤੀ ਵੰਡ ਰਹੇ ਹਨ । ਇਹ ਇਕ ਵੱਡਾ ਪਰਉਪਕਾਰ ਹੈ ਇਸ ਨੂੰ ਹੋਰ ਵਧੇਰੇ ਉਤਸ਼ਾਹਤ ਕਰਨ ਦੀ ਲੋੜ ਹੈ । ਪ੍ਰੋਫੈਸਰ ਸਾਹਿਬ ਤਾਂ ਸਾਡੇ ਲਈ ਪੂਰਨੇ ਪਾ ਗਏ ਹਨ ਹੁਣ ਤੇ ਉਹਨਾਂ ਦੇ ਪੂਰਨਿਆਂ ਤੇ ਚਲਣ ਲਈ ਕੋਈ ਕਮਰਕੱਸਾ ਕਰਕੇ ਇਸ ਸੇਵਾ ਦੇ ਖੇਤਰ ਵਿਚ ਕੁਦ ਪਵੇ ।

ਸੰਨ 1970 ਵਿਚ ਚੰਡੀਗੜ੍ਹ ਵਿਖੇ ਕੁਝ ਗੁਰਸਿਖਾਂ ਨੇ ਮਿਲ ਕੇ ਪਿੰਡਾਂ ਵਿਚ ਗੁਰਮਤ ਪ੍ਰਚਾਰ ਕਰਨ ਲਈ "ਹੇਮਕੁੰਟ ਮਿਸ਼ਨ" ਨਾਮ ਦੀ ਸੁਸਾਇਟੀ ਬਣਾਈ । ਇਸ ਵਿਚ ਜੋ ਮੁਢਲੇ ਗੁਰਸਿਖ ਸ਼ਾਮਲ ਸਨ, ਉਹਨਾਂ ਵਿਚੋਂ ਇਕ ਪ੍ਰੋ: ਕਰਤਾਰ ਸਿੰਘ ਜੀ ਭੀ ਸਨ :-

1. ਜਸਟਿਸ ਹਰਿਬੰਸ ਸਿੰਘ ਜੀ 2. ਭਾਈ ਹਰਿਚਰਨ ਸਿੰਘ ਜੀ 3. ਭਾਈ ਹਰਿਨਾਮ ਸਿੰਘ ਜੀ ਵਾਸੂ 4. ਪ੍ਰੋ: ਕਰਤਾਰ ਸਿੰਘ ਜੀ 5 ਬੀ: ਭਗਵੰਤ ਕੌਰ ਜੀ (ਕਸ਼ਮੀਰ ਵਾਲੇ) 6.ਠੇਕੇਦਾਰ ਗੁਰਸ਼ਰਨ ਸਿੰਘ ਜੀ

ਇਸ ਦੇ ਲਈ ਲਿਟਰੇਚਰ ਲਿਖਣ ਦਾ ਕੰਮ ਭੀ ਪ੍ਰੋ: ਕਰਤਾਰ ਸਿੰਘ ਜੀ ਨੇ ਕੀਤਾ ਹੈ । ਸਿੱਖ ਸ਼ਹੀਦਾਂ ਦੇ ਜੋ ਚਿਤਰ ਸਿਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਗੇ ਹੋਏ ਹਨ, ਉਹਨਾਂ ਦੀਆਂ ਸਲਾਈਡਾਂ ਲੈ ਕੇ ਉਸ ਨਾਲ ਸਬੰਧਤ ਇਤਿਹਾਸ ਦੀ ਵਿਆਖਿਆ ਟੇਪ ਰਾਹੀ ਸੁਣਾਈ ਜਾਂਦੀ ਸੀ । ਫਿਲਮ ਨੂੰ ਪਰਦੇ ਉਤੇ ਦਿਖਾਇਆ ਜਾਂਦਾ ਸੀ । ਇਸ ਪ੍ਰੋਗਰਾਮ ਨੂੰ ਆਮ ਤੌਰ ਤੇ ਪਿੰਡਾਂ ਵਿਚ ਬੜਾ ਅੱਛਾ ਹੁੰਗਾਰਾ ਮਿਲਦਾ ਸੀ । ਪ੍ਰੋਫੈਸਰ ਸਾਹਿਬ ਨੇ ਇਹਨਾਂ ਪ੍ਰੋਗਰਾਮਾਂ ਵਿਚ ਆਪਣਾ ਪੂਰਾ ਯੋਗਦਾਨ ਪਾਇਆ ਅਤੇ "ਅੰਮ੍ਰਿਤ ਪਰਚਾਰ ਤੇ ਸੰਚਾਰ " ਦੀ ਅਣਥਕ ਸੇਵਾ ਕੀਤੀ ।

ਪਿਤਾ ਵਾਂਗ ਆਪ ਭੀ ਸੈਂਟਰਲ ਖਾਲਸਾ ਯਤੀਮਖਾਨਾ, ਐਜੂਕੇਸ਼ਨ ਕਮੇਟੀ, ਬਿਰਧ ਘਰ ਤਰਨਤਾਰਨ ਸਾਹਿਬ ਅਤੇ ਪਿੰਗਲਵਾੜਾ ਅੰਮ੍ਰਿਤਸਰ ਨਾਲ ਜ਼ਿੰਦਗੀ ਭਰ ਜੁੜੇ ਰਹੇ । ਯਥਾ ਸ਼ਕਤ ਇਹਨਾਂ ਸੰਸਥਾਵਾਂ ਨੂੰ ਮਾਇਕ ਸਹਾਇਤਾ ਭੇਜਦੇ ਤੇ ਭਜਵਾਂਦੇ ਰਹੇ ।

ਘਰ ਪਰਿਵਾਰ ਨੂੰ ਜੋ ਚਿੱਠੀ-ਪੱਤਰ ਆਪ ਲਿਖਿਆ ਕਰਦੇ ਸਨ ਉਹਨਾਂ ਵਿਚ ਅਕਸਰ ਗੁਰਬਾਣੀ ਦੀਆਂ ਵੰਨ ਸੁਵੰਨੀਆਂ ਤੁਕਾਂ ਰਾਹੀਂ ਮੌਕੇ ਅਤੇ ਸੰਦਰਭ ਦੇ ਅਨੁਕੂਲ ਗੁਰਮਤਿ ਦੀ ਸੇਧ ਹੁੰਦੀ ਸੀ । ਇਕ ਵਾਰੀ ਆਪ ਨੂੰ ਜਾਂਦਿਆ ਕਿਸੇ ਨੇ ਸਕੂਟਰ ਮਾਰ ਕੇ ਡੇਗ ਦਿਤਾ । ਸੱਟਾਂ ਲਗਣੀਆਂ ਤਾਂ ਸੁਭਾਵਕ ਹੀ ਸੀ । ਘਰ ਦਿਆਂ ਨੇ ਬਾਹਰ ਅੰਦਰ ਜਾਣ ਤੋਂ ਵਰਜਣ ਦਾ ਜਤਨ ਕੀਤਾ । ਪਰ ਆਪ ਸਦਾ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ ਸਨ । Mr. M.L. Peace ਦੀ ਮਿਸਾਲ ਦੇ ਕੇ ਸਮਝਾਂਦਿਆ, ਇਕ ਚਿੱਠੀ ਵਿਚ ਆਪਣੇ ਪੋਤੇ ਕੁਲਬੀਰ ਸਿੰਘ ਨੂੰ ਲਿਖਿਆ ਕਿ M.L. Peace ਨੂੰ ਅਧਰੰਗ ਹੋ ਜਾਣ ਤੇ ਕਿਵੇਂ ਪੀਸ ਜੀ ਨੂੰ ਨੌਕਰੀ ਛਡਣੀ ਪਈ ਸੀ ਤੇ ਫੇਰ ਉਨ੍ਹਾਂ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਲਿਟਰੇਚਰ ਅੰਗ੍ਰੇਜ਼ੀ ਵਿਚ ਲਿਖ ਕੇ ਛਾਪਿਆ ਅਤੇ ਵੰਡਿਆ । ਮਿ: ਪੀਸ ਕਿਹਾ ਕਰਦੇ ਸਨ ਜੇ ਮੈਨੂੰ (M.L. Peace) ਅਧਰੰਗ ਨਾ ਹੁੰਦਾ ਤਾਂ

ਮੈਂ ਕੇਵਲ ਇਕ ਸਕੂਲ ਮਾਸਟਰ ਰਹਿ ਕੇ ਰੀਟਾਇਰ ਹੋ ਜਾਂਦਾ ਤੇ ਗੁਰੂ ਘਰ ਦੀ ਸੇਵਾ ਨਾ ਕਰ ਸਕਦਾ ।

**ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥**

(ਜਪੁਜੀ ਸਾਹਿਬ ਪੰਨਾ 13)

ਇਕ ਹੋਰ ਚਿਠੀ ਵਿਚ ਇਸ ਐਕਸੀਡੈਂਟ ਵਿਚ ਜਾਣ ਬਚ ਜਾਣ ਕਰਕੇ ਲਿਖ ਭੇਜਿਆ ਕਿ ਮੈਨੂੰ ਕੀਰਤਨ ਕਲਾਸਾਂ ਵਿਚ ਜਾਣ ਲਈ postponement ਦੀ ਗੱਲ ਨਾ ਦਸੋ ਕਿਉਂਕਿ "I feel this accident is an indication that I should not delay. Think ! How my life was spared and my body was unhurt. It is ingratitude on my part not to acknowledge HIS MIRACLE. (See) His greatness in giving me another span of life without ਮਰਨ ਜਨਮ Death and rebirth. This is the third time if not the fourth that Satguru has blessed me a new span of life. So why should I delay in offering my little service at His Feet." ਮੈਂ ਰੋਜ਼ 30-32 ਵਿਦਿਆਰਥੀਆਂ ਤੋਂ ਮੂਲ ਮੰਤਰ ਦਾ ਤੇ ਹੋਰ ਬਾਣੀਆਂ ਦਾ ਪਾਠ ਤੇ ਕੀਰਤਨ ਸੁਣਦਾ ਹੈ ।

ਬਚਿਆਂ ਨੂੰ ਬਾਣੀ ਪੜ੍ਹਨ ਦਾ ਉਪਦੇਸ਼ ਕਰਨਾ । ਜੇ ਉਹਨਾਂ ਦੇ ਬੇਟੇ ਪ੍ਰੋ: ਨਰਿੰਦਰ ਸਿੰਘ ਨੇ ਕੋਈ ਗ੍ਰੀਟਿੰਗ ਕਾਰਡ ਭੇਜਿਆ ਤਾਂ ਉਸੇ ਕਾਰਡ ਉਤੇ ਢੁਕਵੀਆਂ ਤੁਕਾਂ ਲਿਖ ਭੇਜੀਆਂ ; ਬੈਲ ਗੱਡੀਆਂ ਦੇ ਚਿਤਰ ਵਾਲੇ ਕਾਰਡ ਉਪਰ ਆਪ ਨੇ ਲਿਖ ਭੇਜਿਆ

"ਹਰਿ ਬਿਨੁ ਬੈਲ ਬਿਰਾਨੇ ਹੋਈ ਹੈ ॥ ਫਾਟੇ ਨਾਕਨ ਟੂਟੇ ਕਾਂਧਨ ਕੋਦਉਕੋ ਭੁਸੁ ਖਈਹੈ ॥੧॥ਰਹਾਉ॥" (ਗੂਜਰੀ ਕਬੀਰ ਜੀ ਪੰਨਾ 524)

ਫੁੱਲਾਂ ਵਾਲੇ ਇਕ ਗ੍ਰੀਟਿੰਗ ਕਾਰਡ ਦੇ ਅੰਦਰ ਵਾਰ ਆਪ ਨੇ ਲਿਖ ਭੇਜਿਆ :- ਬਸੰਤ ਮਹਲਾ ੫

**"ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ॥ ਹਰਿ ਚੇਤਿ ਮਨ ਮੇਰੇ ॥ਰਹਾਉ॥**

(ਪੰਨਾ 1185)

ਮਨੁਖ ਮਨੁਖ ਨੂੰ ਵਧਦਾ ਫੁਲਦਾ ਵੇਖ ਕੇ ਮੁਰਝਾ ਜਾਂਦਾ ਹੈ । ਪਰ (ਬਨਾਸਪਤੀ) ਫੁਲ ਫੁਲ ਨੂੰ ਵੇਖ ਕੇ ਖੁਸ਼ ਹੁੰਦਾ ਹੈ । ਕਿਉਂਕਿ ਉਸ ਨੇ ਆਪਣੀ ਅਹੰ (ਹਉਮੈ) ਤਿਆਗ ਕੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਚਿਤ ਜੋੜਿਆ ਹੈ ।"

ਇਸੇ ਤਰ੍ਹਾਂ ਆਪਣੀ ਪੋਤੀ ਰਮਨੀਕ ਕੌਰ ਨੂੰ ਇਕ ਚਿੱਠੀ ਵਿਚ ਲਿਖਿਆ, (ਜੋ ਆਪਣੇ ਚਾਚੇ ਪਾਸ ਕੁਝ ਦਿਨਾਂ ਲਈ ਗਈ ਹੋਈ ਸੀ) ਕਿ 'ਆਪਣੇ ਚਾਚੇ (ਪ੍ਰੋ: ਨਰਿੰਦਰ ਸਿੰਘ) ਪਾਸੋਂ ਗੁਰੂ ਨਾਨਕ ਸਾਹਿਬ ਦੀ ਮੁਲਤਾਨ-ਯਾਤਰਾ ਵਾਲੀ ਸਾਖੀ ਜ਼ਰੂਰ ਸੁਣਨਾ । ਉਸ ਸਾਖੀ ਦਾ ਅੰਤਰੀਵ ਭਾਵ ਇਹ ਹੈ ਕਿ ਮਹਿਮਾਨ ਜਿਥੇ ਭੀ ਜਾਵੇ ਉਥੇ ਉਹ ਫੁਲ ਵਾਂਗ ਰਹੇ ਕਿਸੇ ਨੂੰ ਖੇਚਲ ਨਾ ਦੇਵੇ । ਇਸ ਸਾਖੀ ਨੂੰ ਪਰਿਵਾਰਕ ਜੀਵਨ ਨਾਲ ਜੋੜ ਕੇ ਸਿਖਿਆ ਦੇਣ ਦਾ ਇਹ ਬੜਾ ਸੁੰਦਰ ਢੰਗ ਸੀ ਤੇ ਹੈ ।

ਆਮ ਤੌਰ ਤੇ ਪੱਤਰ-ਵਿਹਾਰ ਵਿਚ ਅਸੀਂ ਸੰਸਾਰਕ ਗੱਲਾਂ ਹੀ ਲਿਖ ਕੇ ਪੱਤਰ ਪਾ ਦਿੰਦੇ ਹਾਂ । ਪਰ ਪ੍ਰੋ: ਕਰਤਾਰ ਸਿੰਘ ਦੇ ਸੈਂਕੜੇ ਪੱਤਰ ਪਰਵਾਰ ਨੇ ਸੰਭਾਲੇ ਹੋਏ ਹਨ ; ਹਰ ਪੱਤਰ ਵਿਚ ਪ੍ਰੋਫੈਸਰ ਸਾਹਿਬ ਗੁਰਬਾਣੀ ਦੀਆਂ ਤੁਕਾਂ ਰਾਹੀਂ ਬਚਿਆਂ ਨੂੰ ਬਾਣੀ ਦੀ ਖੋਜ ਕਰਨ ਲਈ ਪ੍ਰੇਰਣਾ ਦਿੰਦੇ ਦਿਸਦੇ ਹਨ । ਇਸ ਤੋਂ ਇਕ ਹੋਰ ਸੰਕੇਤ ਭੀ ਮਿਲਦਾ ਹੈ ਕਿ ਪ੍ਰੋਫੈਸਰ ਸਾਹਿਬ ਹਰ ਸਮੇਂ ਗੁਰਬਾਣੀ ਨਾਲ ਜੁੜੇ ਰਹਿੰਦੇ ਸਨ ਅਤੇ ਉਹਨਾਂ ਲਈ ਮੈਂ "ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ॥"(ਸੂਹੀ ਮ: ੪, ਪੰਨਾ 759)

ਸੱਚ ਮੁੱਚ ਐਸੇ ਜਨ ਸੰਸਾਰ ਵਿਚ ਵਿਰਲੇ ਹੀ ਆਉਂਦੇ ਹਨ । ਅਸੀਂ ਉਹਨਾਂ ਨੂੰ ਆਪਣੀ ਸੰਸਾਰਕ ਬੁਧੀ ਦੇ ਤਰਾਜੂ ਵਿਚ ਤੋਲਦੇ ਹੋਏ ਉਹਨਾਂ ਦੀ ਸਹੀ ਪਹਿਚਾਣ ਅਤੇ ਸਹੀ ਮੁਲਾਂਕਣ ਨਹੀਂ ਕਰ ਪਾਂਦੇ । ਪ੍ਰੋਫੈਸਰ ਕਰਤਾਰ ਸਿੰਘ ਜੀ ਆਤਮ ਰਸ ਦੇ ਰਸੀਆ ਹੋ ਚੁਕੇ ਸਨ ਅਤੇ ਉਹਨਾਂ ਵਿਚ ਖਾਲਸੇ ਵਾਲੇ ਆਦਰਸ਼ਕ ਗੁਣ ਗੁਰੂ ਕਿਰਪਾ ਸਦਕਾ ਆ ਚੁਕੇ ਸਨ । ਉਹਨਾਂ ਦੇ ਅੰਤ ਸਮੇਂ ਦੇ ਬੋਲਾਂ ਤੋਂ ਪਤਾ ਲਗਦਾ ਹੈ ਕਿ ਉਹ ਇਸ ਸੰਸਾਰ ਨਾਲ ਮੋਹ ਤੋੜ ਕੇ ਗੁਰ ਚਰਨਾਂ ਵਿਚ ਸਮਾਉਣ ਲਈ ਪੂਰੀ ਤਰਾਂ ਤਿਆਰ ਸਨ । ਜਿਤਨੀ ਆਯੂ ਆਪ ਜੀ ਨੂੰ ਅਕਾਲ ਪੁਰਖ ਨੇ ਧੁਰੋਂ ਬਖ਼ਸ਼ ਸੀ, ਉਸ ਨੂੰ ਸਫਲਾਉਂਦੇ ਹੋਏ ਆਪ 15-4-95 ਨੂੰ ਹੁਕਮ ਸਤਿ ਕਰਦੇ ਹੋਏ ਗੁਰ ਚਰਨਾਂ ਵਿਚ ਜਾ ਬਿਰਾਜੇ । ਜਿਨਾਂ ਚਿਰ ਸੰਸਾਰ ਦੀ ਯਾਤਰਾ ਕਰਦੇ ਰਹੇ ਛਿਨ ਭਰ ਲਈ ਭੀ ਗੁਰਬਾਣੀ ਤੋਂ ਬਿਨਾਂ ਨਹੀਂ ਰਹੇ । ਜਿਸ ਹਿਰਦੇ ਵਿਚ ਬਾਣੀ ਦਾ ਨਿਵਾਸ ਹੋ ਜਾਵੇ ਉਸ ਹਿਰਦੇ ਵਿਚ ਗੁਰੂ ਪਾਤਸ਼ਾਹ ਦਾ ਨਿਵਾਸ ਹੁੰਦਾ ਹੈ ।

**"ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥"**

(ਰਾਗ ਗਾਉੜੀ ਪੂਰਬੀ ਮ:੫ ਪੰਨਾ 14)

*6 ਅਪ੍ਰੈਲ 1997 ਨੂੰ ਪ੍ਰੋ: ਕਰਤਾਰ ਸਿੰਘ ਜੀ ਦੀ ਮਿਠੀ ਯਾਦ ਵਿਚ, 956 ਫੇਜ 3ਬੀ2, ਮੁਹਾਲੀ ਵਿਖੇ ਸ਼ਾਮੀ 7.00 ਤੋਂ 9.00 ਵਜੇ ਤਕ ਸ਼ਬਦ ਕੀਰਤਨ ਹੋ ਰਿਹਾ ਹੈ । ਡਾ: ਜਾਗੀਰ ਸਿੰਘ ਜੀ ਭੀ 7.45 ਤੋਂ 8.45 ਤਕ ਕੀਰਤਨ ਦੀ ਹਾਜ਼ਰੀ ਭਰਨਗੇ ।*

*ਦਰਸ਼ਨ ਅਭਿਲਾਸ਼ੀ*
*ਪ੍ਰੋ. ਸਾਹਿਬ ਦਾ ਪ੍ਰਵਾਰ*

ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆਂ

# ਸਵੱਰ ਸਮੁੰਦ

ਜੁਲਾਈ 1996 ਦਾ "ਅੰਮ੍ਰਿਤ ਕੀਰਤਨ" ਜਦੋਂ ਪੁੱਜਿਆ ਤਾਂ ਹਮੇਸ਼ਾ ਵਾਂਗ ਸਭ ਤੋਂ ਪਹਿਲਾਂ ਡਾਕਟਰ ਜਾਗੀਰ ਸਿੰਘ ਹੋਰਾਂ ਦਾ ਸੰਪਾਦਕੀ "ਕਰਉ ਬੇਨੰਤੀਆਂ" ਪੜ੍ਹਿਆ । ਲੇਖ ਦੇ ਤਕਰੀਬਨ ਅੱਧ ਵਿਚਕਾਰ ਉਨ੍ਹਾਂ ਲਿਖਿਆ ਸੀ "ਪਹਿਲਾਂ ਜ਼ਿਕਰ ਕਰਨਾ ਹੈ "ਸਵੱਰ ਸਮੁੰਦ" ਪੁਸਤਕ ਦਾ । ਇਹ ਪੁਸਤਕ ਭਾਈ ਸਮੁੰਦ ਸਿੰਘ ਜੀ ਰਾਗੀ ਬਾਰੇ ਹੈ ਅਤੇ ਇਸ ਦਾ ਸੰਕਲਨ ਤੇ ਸੰਪਾਦਨ ਕੀਤਾ ਹੈ ਭਾਈ ਸਾਹਿਬ ਦੇ ਅਨਿੰਨ ਸ਼ਿਸ਼ ਪ੍ਰੋ. ਪਰਮਜੋਤ ਸਿੰਘ ਨੇ, ਪ੍ਰੋ. ਪਰਮਜੋਤ ਸਿੰਘ ਜਿੱਥੇ ਭਾਈ ਸਮੁੰਦ ਸਿੰਘ ਦੀ ਕੀਰਤਨ ਸ਼ੈਲੀ ਦੇ ਵਾਹਦ-ਵਾਰਸ ਹਨ ਉੱਥੇ ਉਹਨਾਂ ਦੇ ਜੀਵਨ ਨੂੰ ਪੁਸਤਕ ਰੂਪ ਦੇਣ ਦਾ ਸਿਹਰਾ ਵੀ ਉਹਨਾਂ ਸਿਰ ਬੱਝਦਾ ਹੈ । ਇਹ ਕਾਰਜ ਉਹਨਾਂ ਨੇ ਆਪਣੀ ਨੌਕਰੀ ਦੇ ਰੁਝੇਵਿਆਂ ਦੇ ਹੁੰਦਿਆਂ ਹੀ ਕੀਤਾ ਹੈ । ਇਸ ਪੁਸਤਕ ਨੂੰ ਛਾਪਣ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਬੰਧਕ ਵੀ ਵਧਾਈ ਦੇ ਪਾਤਰ ਹਨ ।"

ਮਨ ਨਾਲ ਫੈਸਲਾ ਕਰ ਲਿਆ ਕਿ ਜਲਦੀ ਹੀ ਜਲੰਧਰ ਜਾ ਕੇ ਪ੍ਰੋ. ਪਰਮਜੋਤ ਸਿੰਘ ਹੋਰਾਂ ਨੂੰ ਮਿਲ ਕੇ ਬੇਨਤੀ ਕਰਨੀ ਹੈ ਕਿ "ਸਵੱਰ ਸਮੁੰਦ" ਦੀ ਇਕ ਕਾਪੀ ਮੈਨੂੰ ਦੇਣ । ਪਿੱਛਲੇ ਨਵੰਬਰ ਵਿਚ ਮੌਕਾ ਬਣ ਗਿਆ। ਕੀਰਤਨ ਅਕਾਦਮੀ ਪਹੁੰਚਣ ਤੇ ਪ੍ਰੋਫੈਸਰ ਸਾਹਿਬ ਨਿੱਘੇ ਪਿਆਰ ਨਾਲ ਮਿਲੇ । ਉਨ੍ਹਾਂ ਨੂੰ ਪਤਾ ਨਹੀਂ ਕਿਵੇਂ ਅਲਹਾਮ ਹੋ ਗਿਆ, ਕਹਿਣ ਲੱਗੇ "ਤੁਹਾਡੇ ਲਈ ਇਕ ਸੁਗਾਤ ਬੜੇ ਦਿਨਾਂ ਤੋਂ ਸਾਂਭੀ ਪਈ ਹੈ ਪਹਿਲਾਂ ਇਹ ਲੈ ਲਉ ਫੇਰ ਬੈਠ ਕੇ ਗੱਲਬਾਤ ਕਰਾਂਗੇ ।" ਅਤੇ ਆਪਣੀ ਮੇਜ਼ ਦੇ ਦਰਾਜ ਵਿਚੋਂ, ਸਾਂਭ ਕੇ ਰੱਖੀ ਹੋਈ, 'ਸਵੱਰ ਸਮੁੰਦ' ਦੀ ਕਾਪੀ ਮੇਰੇ ਹਵਾਲੇ ਕਰ ਦਿੱਤੀ । ਕੁਝ ਸਮੇਂ ਪਿੱਛੋਂ ਉਨ੍ਹਾਂ ਤੋਂ ਆਗਿਆ ਲੈ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚਿਆ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਯਾਤਰੀ ਨਿਵਾਸ ਦੇ ਨਿਹਾਇਤ ਸੁਖ ਪ੍ਰਦਾਨ ਕਰਦੇ ਕਮਰੇ ਵਿਚ ਬੜੇ ਸ਼ਾਂਤ ਮਾਹੌਲ ਵਿਚ ਬੈਠ ਕੇ ਇਸ ਪੁਸਤਕ ਦਾ ਅਖੰਡ ਪਠਨ ਕਰਨ ਦਾ ਆਨੰਦ ਮਾਣਿਆ ਅਤੇ ਜੋ ਨੋਟ ਬਣਾਏ ਆਪ ਜੀ ਦੀ ਭੇਟਾਂ ਹਨ ।

ਪੁਸਤਕ ਦਾ ਨਾਂ = ਸਵੱਰ ਸਮੁੰਦ
ਵਿਸ਼ਾ = ਜੀਵਨ-ਝਾਤ ਭਾਈ ਸਮੁੰਦ ਸਿੰਘ ਜੀ
ਸੰਪਾਦਕ = ਪ੍ਰੋਫੈਸਰ ਪਰਮਜੋਤ ਸਿੰਘ
ਪ੍ਰਕਾਸ਼ਕ = ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ
ਭੇਟਾ = 20 ਰੁਪੈ
ਪਹਿਲੀ ਛਾਪ = ਜਨਵਰੀ 1996
ਪੰਨੇ = ਸੰਪਾਦਕੀ ਤੋਂ ਲੈ ਕੇ ਆਖਰੀ ਲੇਖ ਤਕ 79 ਪੰਨੇ ਅਤੇ ਸ਼ੁਰੂ ਤੋਂ ਲੈ ਕੇ ਸੰਪਾਦਕੀ ਤਕ 6 ਪੰਨੇ

***Fear is slavery,***
***work is liberty,***
***courage is victory***

***No one could make a greater mistake than he who did nothing because he could do only a little.***

***Edmund Burke***

ਲੇਖ = ਸੰਪਾਦਕੀ ਸਮੇਤ ਕੁਲ 18 ਲੇਖ ਜਿਨ੍ਹਾਂ ਵਿਚੋਂ ਸੋਲਾਂ ਲੇਖ ਪੰਜਾਬੀ ਵਿਚ ਅਤੇ ਆਖਰੀ ਦੋ ਲੇਖ ਅੰਗਰਜ਼ੀ ਵਿਚ, ਮੈਂ ਨੂਰ ਹੀ ਤੱਕਦਾ ਰਿਹਾ "ਭਾਈ ਹਰਨਾਮ ਸਿੰਘ (ਪੰ 39) " ਭਾਈ ਸਮੁੰਦ ਸਿੰਘ ਜੀ ਨਾਲ ਮੁਲਾਕਤ" ਐਸ.ਐਸ. ਅਮੋਲ (ਪੰ 44) । "ਭਾਈ ਸਾਹਿਬ ਸੰਬੰਧੀ ਵੱਖ ਵੱਖ ਵਿਚਾਰ-ਅਨੁਭਵ, ਪ੍ਰਭਾਵ ਅਤੇ ਯਾਦਾਂ (ਪੰ 67) ਨੂੰ ਲੇਖ ਸ਼੍ਰੇਣੀ ਤੋਂ ਬਾਹਰ ਰੱਖਿਆ ਜਾਵੇ ਤਾਂ ਠੀਕ ਰਹੇਗਾ । ਪਹਿਲੀਆਂ ਦੋਵੇਂ ਪ੍ਰਸ਼ਨੋਤਰੀ ਢੰਗ ਦੀਆਂ ਲਿਖਤਾਂ ਹਨ ਅਤੇ ਤੀਜੀ ਵੱਖ ਵੱਖ ਪੱਧਰ ਦੇ ਵਿਅਕਤੀਆਂ ਦੇ ਸੰਖੇਪ ਜਹੇ ਵਿਕੋਲਿਤਰੇ ਪ੍ਰਭਾਵੀ ਵਿਚਾਰਾਂ ਦਾ ਮਜਮੂਆ ਹੈ ।

ਭਾਈ ਸਮੁੰਦ ਸਿੰਘ ਜੀ, ਗੁਰੂ ਘਰ ਦੇ, ਵੀਹਵੀਂ ਸਦੀ ਦੇ ਮਹਾਨ ਕੀਰਤਨੀਏ, ਦੇ ਗੁਰ ਪੁਰੀ ਪਿਆਨੇ ਕਰ ਜਾਣ ਤੇ ਉਨ੍ਹਾਂ ਦੇ, ਆਲ ਇੰਡੀਆ ਰੇਡੀਓ ਤੋਂ ਪ੍ਰਸਾਰਿਤ ਹੋਏ ਸ਼ਬਦ ਗਾਇਨ ਨੂੰ ਇਕੱਤਰ ਕਰਕੇ ਇਕ ਰਿਕਾਰਡ ਤਿਆਰ ਕੀਤਾ ਗਿਆ ਸੀ ਜਿਸ ਦੇ ਆਰੰਭ ਵਿਚ 'ਪੰਜਾਬ ਐਂਡ ਸਿੰਧ ਬੈਂਕ' ਦੇ ਉਸ ਵੇਲੇ ਦੇ ਚੇਅਰਮੈਨ ਡਾਕਟਰ ਇੰਦਰਜੀਤ ਸਿੰਘ ਜੀ ਨੇ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ, ਸ਼ਰਧਾ ਭਰਪੂਰ ਕੁਝ ਸ਼ਬਦ, ਸ਼ਰਧਾਂਜਲੀ ਵਜੋਂ ਰਿਕਾਰਡ ਕਰਵਾਏ ਸਨ । ਇਉਂ ਮਹਿਸੂਸ ਹੁੰਦਾ ਸੀ ਕਿ ਜਿਸ ਗੰਭੀਰਤਾ ਅਤੇ ਗਹਿਰਾਈ ਨਾਲ ਸਿੱਖ ਜਗਤ ਦੇ ਏਡੇ ਮਹਾਨ ਵਿਅਕਤੀ ਨੇ ਜੋ ਕੁਝ ਕਿਹਾ ਹੈ ਉਸ ਤੋਂ ਪੰਜਾਬ ਦੀਆਂ ਯੂਨੀਵਰਸਿਟੀਆਂ, ਸਿੱਖ ਮਿਸ਼ਨਰੀ ਕਾਲਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਸਿੰਘ ਸਭਾ ਜਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਆਪਣੀ ਥਾਂ ਤੇ ਪ੍ਰਯਤਨਸ਼ੀਲ ਹੋਣਗੀਆਂ ਕਿ ਭਾਈ ਸਮੁੰਦ ਸਿੰਘ ਜਹੇ ਪੂਰਨ ਗੁਰਸਿੱਖ, ਮਹਾਨ ਕੀਰਤਨੀਏ ਦੇ ਜੀਵਨ ਅਤੇ ਘਾਲਣਾ ਤੋਂ ਆਉਣ ਵਾਲੀ ਪੀੜ੍ਹੀ ਦੇ ਰਾਗੀਆਂ ਨੂੰ ਸੇਧ ਦੇਣ ਲਈ, ਗੁਰਬਾਣੀ ਕੀਰਤਨ ਦੀ ਸਮੁੰਦ ਸਿੰਘ ਪੱਧਤੀ ਨੂੰ ਸਾਂਭਣ ਅਤੇ ਪ੍ਰਚਾਰਨ ਤੇ ਅਗੋਂ ਤੋਰਨ ਲਈ ਰਿਸਰਚ ਕੀਤੀ ਜਾਵੇ, ਪੁਸਤਕਾਂ ਲਿਖਵਾਈਆਂ ਜਾਣ, ਵਿਦਿਆਰਥੀ (ਰਾਗ ਵਿੱਦਿਆ ਲਈ) ਪ੍ਰੇਰੇ ਜਾਣ ਪਰ ਹੋਇਆ ਕੁਝ ਵੀ ਨਾਂਹ । ਭਾਈ ਸਮੁੰਦ ਸਿੰਘ ਬੀਤੇ ਦਾ ਇਕ ਹਿੱਸਾ ਬਣ ਗਏ । ਉਨ੍ਹਾਂ ਦਾ ਹਰਮੋਨੀਅਮ ਇਕ ਨੁਮਾਇਸ਼ ਦੀ ਚੀਜ਼ ਬਣ ਗਈ ।

ਪਰ 1996 ਦੇ ਆਰੰਭ ਵਿਚ ਭਾਈ ਸਮੁੰਦ ਸਿੰਘ ਦੇ ਨਿਸ਼ਠਾਵਾਨ, ਸਿਦਕੀ ਸ਼ਿਸ਼ ਨੇ ਇਕ ਦੀਵਾ ਬਾਲ ਕੇ ਚਾਨਣ ਕਰਨ ਦਾ ਉਪਰਾਲਾ ਕਰ ਲਿਆ, ਇਸ ਆਸ ਨਾਲ ਕਿ ਇਸ ਦੀਵੇ ਦੀ ਬੱਤੀ ਦੀ ਲੋਅ ਸ਼ਾਇਦ ਵਿੱਦਿਆ ਦੇ ਬਿਜਲੀ ਘਰਾਂ ਦੇ ਪ੍ਰਬੰਧਕਾਂ ਨੂੰ ਪ੍ਰੇਰਨਾ ਮਿਲ ਜਾਵੇ ਕਿ ਉਹ ਵੱਡਾ ਚਾਨਣਾ ਬਖਸ਼ਣ ਵਾਲਾ ਕੋਈ ਬਲਬ ਜਗਾਉਣ ਦਾ ਉਦਮ ਕਰ ਲੈਣ । ਮੇਰਾ ਇਸ਼ਾਰਾ ਪ੍ਰੋ. ਪਰਮਜੋਤ ਸਿੰਘ ਦੇ 'ਸਵੱਰ ਸਮੁੰਦ' ਤੋਂ ਪ੍ਰੇਰਨਾ ਲੈ ਕੇ ਹੰਭਲਾ ਮਾਰਨ ਵੱਲ ਹੈ ।

'ਸਵੱਰ ਸਮੁੰਦ' ਨਾਂਹ ਹੀ "ਜੀਵਨੀ" ਹੈ, ਨਾਂਹ ਹੀ ਭਾਈ ਸਮੁੰਦ ਸਿੰਘ ਦੀ ਕੀਰਤਨ ਕਲਾ ਸੰਬੰਧੀ ਖੋਜ ਪੁਸਤਕ ਹੈ । ਇਹ ਤਾਂ ਭਾਈ ਸਮੁੰਦ ਸਿੰਘ ਦੀ ਵਡੱਪਣ ਤੋਂ ਪ੍ਰਭਾਵਿਤ ਹੋ ਕੇ ਗਦਗਦ ਹੋਏ ਵਿਅਕਤੀਆਂ ਵਲੋਂ ਦਰਸਾਏ ਗਏ ਨਿੱਜੀ ਸ਼ਰਧਾ ਕਾਰਨ ਜਸ ਗਾਇਨ


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

ਦਾ ਸਮੂਹ ਹੈ। ਉਸਤਤ ਅਤੇ ਵਡਿਆਈ ਨਾਲ ਭਰਪੂਰ ਹੈ। ਨਿਰੋਲ ਨਿੱਜੀ ਸੰਪਰਕ ਕਾਰਨ ਉਤਪੰਨ ਹੋਏ ਪ੍ਰਭਾਵਾਂ ਨੂੰ ਕਲਮਬੱਧ ਕੀਤਾ ਗਿਆ ਹੋਇਆ ਹੈ। ਇਹ ਸਭ ਕੁਝ ਮਿੱਠਾ ਹੈ, ਸੁਹਣਾ ਹੈ, ਪੜ੍ਹਨ ਯੋਗ ਹੈ ਅਤੇ ਭਾਈ ਸਮੁੰਦ ਸਿੰਘ ਜੀ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਤੇ ਇਕ ਝਾਤ ਹੈ। ਸੋਧ ਹੈ ਜਿਸ ਤੋਂ ਗੰਭੀਰ ਵਿਦਿਆਰਥੀ ਆਪਣਾ ਰਾਹ ਢੂੰਡਣ ਯੋਗ ਹੋ ਸਕਦੇ ਹਨ। ਪ੍ਰਸ਼ਨ ਇਹ ਉੱਠਦਾ ਹੈ ਕਿ ਅਜਿਹੇ ਵਿੱਦਿਆਰਥੀ ਹਨ ਕਿੱਥੇ ? ਉਨ੍ਹਾਂ ਦੀ ਅਗਵਾਈ ਕੌਣ ਕਰੇ ?

ਮਿਸਾਲ ਦੇ ਤੌਰ ਤੇ, ਭਾਈ ਸਾਹਿਬ ਦੇ ਸਪੁੱਤਰ ਸ੍ਰ. ਹਰਭਜਨ ਸਿੰਘ, ਅਮਰੀਕਾ ਨਿਵਾਸੀ ਦਾ ਕਥਨ ਹੈ ਕਿ " ਉਨ੍ਹਾਂ ਆਪਣੇ ਸਮੇਂ ਦੌਰਾਨ ਸਵੇਰ ਦੇ ਸਮੇਂ ਦੇ ਰਾਗਾਂ ਵਿਚੋਂ ਰਾਮਕਲੀ ਅਹੀਰ, ਭੈਰਉ ਅਤੇ ਆਸਾਵਰੀ ਬਹੁਤ ਮਿੱਠੀਆਂ ਬੰਦਸ਼ਾਂ ਵਿਚ ਗਾਏ।" ਪੰਥ ਦੇ ਮਹਾਨ ਕੀਰਤਨੀਏ, ਗੁਰੂ ਮਹਾਰਾਜ ਦੇ ਸਮੇਂ ਤੋਂ ਸੀਨਾ ਬਸੀਨਾ ਧਰੁਪਦ, ਅਤੇ ਵੱਡੇ ਰਾਗਾਂ ਦੀ ਗਾਇਨ ਸ਼ੈਲੀ ਦੇ ਪੁੰਜ ਉਸਤਾਦ ਭਾਈ ਅਵਤਾਰ ਸਿੰਘ ਜੀ ਨੇ ਭਾਈ ਸਮੁੰਦ ਸਿੰਘ ਜੀ ਦੇ ਸੋਰਠ ਗੰਧਾਰ ਲਾ ਕੇ ਗਾਇਨ ਦਾ ਜ਼ਿਕਰ ਕੀਤਾ ਹੈ। ਮੁਖ ਪ੍ਰਸ਼ਨ ਜਿਸ ਵੱਲ ਇਸ਼ਾਰਾ ਹੋ ਕਿ ਗੰਧਾਰ ਲਾ ਕੇ ਗਾਇਨ ਕਰਨ ਨਾਲ ਸੋਰਠ "ਦੇਸ" ਬਣਦਾ ਹੈ ਜਾਂ ਨਹੀਂ ? ਜਾਂ ਕੀ ਇਹ "ਆਪਣੀ ਪੁਰਾਤਨ ਕੀਰਤਨ ਦੀ ਵੱਖਰੀ ਰਹੁ ਰੀਤ ਅਸਲ ਪੰਜਾਬ ਦੀ ਹੈ" ? ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ ਹੋਰਾਂ ਨੇ ਸੋਰਠ, ਕਾਨੜਾ, ਜੈਜਾਵੰਤੀ ਆਪ ਜੀ ਦੇ ਦਿਲ ਭਾਉਂਦੇ ਰਾਗ ਦੱਸੇ ਹਨ ਅਤੇ ਉਨ੍ਹਾਂ ਅਨੁਸਾਰ ਆਪ ਬਹਾਰ, ਪਹਾੜੀ, ਮੁਲਤਾਨੀ ਵੀ ਗਾਉਂਦੇ ਸਨ ਅਤੇ ਆਪ ਪਾਸ ਪੁਰਾਤਨ ਟਕਸਾਲੀ ਬੰਦਸ਼ਾਂ ਦਾ ਅਟੁੱਟ ਭੰਡਾਰ ਸੀ (ਅਤੇ) ਆਪ ਕੀਰਤਨ ਨੂੰ ਠੁਮਰੀ ਦਾ ਰੰਗ ਵਿਚ ਗਾਇਨ ਕਰਨ ਦੇ ਵੀ ਉਸਤਾਦ ਸੰਗੀਤਕਾਰ ਸਨ। ਗਿਆਨੀ ਚੇਤ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਨੁਸਾਰ ਭਾਈ ਸਮੁੰਦ ਸਿੰਘ ਜੀ ਦੀ ਪ੍ਰਸਿੱਧੀ ਸੋਰਠ ਰਾਗ ਗਾਇਨ ਵਿਚ ਬਹੁਤ ਸੀ। ਪ੍ਰੋ. ਪਰਮਜੀਤ ਕੌਰ ਅਨੁਸਾਰ "ਪਰ ਚੋਣਵੇਂ ਰਾਗਾਂ ਵਿਚੋਂ ਸੋਰਠ, ਬਹਾਰ, ਪਹਾੜੀ, ਦੇਸੀ, ਕਾਨੜਾ ਅਤੇ ਜੈਜਾਵੰਤੀ ਗਾਉਂਦੇ ਸਨ"। ਸਰਦਾਰ ਜਸਕੀਰਤ ਸਿੰਘ ਅਨੁਸਾਰ " ਭਾਈ ਸਾਹਿਬ ਦੀ ਸ਼ੈਲੀ ਵਿਚ ਖ਼ਾਨ ਸਾਹਿਬ (ਬੜੇ ਗੁਲਾਮ ਅਲੀ ਖਾਨ) ਦੀ ਗਾਇਕੀ ਦੀ ਝਲਕ ਪ੍ਰਤੱਖ ਨਜ਼ਰ ਆਉਂਦੀ ਹੈ। ਖ਼ਿਆਲ ਗਾਇਕੀ ਤੋਂ ਇਲਾਵਾ ਧਰੁਪਦ, ਧਮਾਰ ਵਿਚ ਵੀ ਉਨ੍ਹਾਂ ਨੂੰ ਮੁਹਾਰਤ ਹਾਸਲ ਸੀ। ਆਪ ਠੁਮਰੀ, ਮੁਲਤਾਨੀ, ਸਿੰਧੀ ਭੈਰਵੀ ਅੰਗ ਨੂੰ ਬੜੀ ਕੁਸ਼ਲਤਾ ਨਾਲ ਗਾਇਨ ਕਰਦੇ। ਭਾਈ ਸਾਹਿਬ ਅਵਤਾਰ ਸਿੰਘ ਜੀ ਨੇ ਉਨ੍ਹਾਂ ਦੇ ਧਰੁਪਦ ਅੰਗ ਵਿਚ ਬਹੁਤ ਬੈਠਵੀਂ ਲੈ ਵਿਚ ਗਾਇਨ ਦਾ ਜ਼ਿਕਰ ਕੀਤਾ ਹੈ ਜੋ ਕੀਰਤਨ ਉਨ੍ਹਾਂ ਨੇ ਭਾਈ ਸਾਹਿਬ ਭਾਈ ਅਰਦਮਨ ਸਿੰਘ, ਭਾਈ ਸਾਹਿਬ ਬਾਗੜੀਆਂ ਦੀ ਪ੍ਰੇਰਨਾ ਸਦਕਾ ਕੀਰਤਨ ਕੀਤਾ ਸੀ ਅਤੇ ਜੋ ਉਨ੍ਹਾਂ ਦੇ ਪਰਿਵਾਰ ਕੋਲ ਇਕ ਟੇਪ ਵਿਚ ਸਾਂਭਿਆ ਹੋਇਆ, ਸੁਰੱਖਿਅਤ ਪਿਆ ਹੈ।

ਇੰਨੇ ਮਹਾਨ ਕੀਰਤਨੀਏ ਦੀਆਂ ਮਹਾਨ ਘਾਲਨਾਵਾਂ, ਉਮਰ ਭਰ ਦੇ ਰਿਆਜ਼ ਦੀ ਉਪਜ, ਵਡਮੁੱਲੇ ਖਜ਼ਾਨੇ ਵੱਲ ਏਨੇ ਇਸ਼ਾਰੇ ਇਕ ਨਿੱਕੀ ਜਹੀ ਪੁਸਤਕ


**ਜਰੂਰੀ ਬੇਨਤੀ**

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ।*

ਸੰਪਾਦਕ

**ਜ਼ਰੂਰੀ ਬੇਨਤੀ**

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ।*

ਸੰਪਾਦਕ

ਵਿਚੋਂ ਮਿਲ ਗਏ ਹਨ । ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੱਖ ਰਿਸਰਚ ਵਿਭਾਗ ਜਾਂ ਮਿਊਜ਼ਿਕ ਡਿਪਾਰਟਮੈਂਟ (ਜੇ ਕਾਇਮ ਹਨ ਤਾਂ) ਇੱਥੋਂ ਆਰੰਭ ਕਰਕੇ ਭਾਈ ਸਾਹਿਬ ਦੀ ਗਾਇਨ ਸ਼ੈਲੀ ਤੇ ਰਿਸਰਚ ਆਰੰਭ ਕਰਵਾ ਸਕਦੇ ਹਨ । ਭਾਰਤ ਵਿਚ ਪ੍ਰੋ. ਪਰਮਜੋਤ ਸਿੰਘ ਤੋਂ ਅਤੇ ਅਮ੍ਰੀਕਾ ਵਾਸੀ ਭਾਈ ਸਾਹਿਬ ਦੇ ਸਪੁੱਤਰ ਹਰਭਜਨ ਸਿੰਘ ਜੋ "ਪਰਦੇਸ ਵਿਚ ਬੈਠੇ ਵੀ ਪਿਤਾ ਜੀ ਦੀਆਂ ਗਾਈਆਂ ਰੀਤਾਂ ਨੂੰ ਹਾਲੀ ਸੰਭਾਲੀ ਬੈਠੇ ਹਨ ਤੋਂ ਇਨ੍ਹਾਂ ਰੀਤਾਂ ਨੂੰ ਰਿਕਾਰਡ ਕਰਵਾ ਕੇ ਸਾਂਭ ਸਕਦੇ ਹਨ । ਭਾਈ ਸਮੁੰਦ ਸਿੰਘ ਆਪਣੇ ਆਪ ਵਿੱਚ ਘੱਟੋ ਘੱਟ ਇਕ ਦਰਜਨ ਮਿਊਜ਼ਿਕ ਵਿਚ ਪੀ.ਐਚ.ਡੀ. ਦੀ ਡਿਗਰੀ ਦਾ ਮਸਾਲਾ ਸਾਂਭੀ ਬੈਠੇ ਹਨ, ਉਤਸ਼ਾਹੀ ਤੇ ਮਿਹਨਤੀ ਅਤੇ ਸਿਰੜੀ ਖੋਜੀ ਵਿੱਦਿਅਰਥੀਆਂ ਅਤੇ ਸਿਆਣੇ ਅਧਿਆਪਕ ਗਾਈਡਜ਼ ਨੂੰ ਇਸ ਬੰਨੇ ਪ੍ਰੇਰਨ ਤੇ ਉਤਸ਼ਾਹਿਤ ਕਰਨ ਦੀ ਹੀ ਜ਼ਰੂਰਤ ਹੈ । 'ਸਵੱਰ ਸਮੁੰਦ' ਵਿਚ ਸ਼ਾਮਲ ਕੀਤੇ ਗਏ ਸਾਰੇ ਲੇਖਾਂ ਵਿਚੋਂ ਭਾਈ ਅਵਤਾਰ ਸਿੰਘ ਜੀ ਦਾ ਲੇਖ "ਅੱਲ੍ਹਾ ਦੀ ਆਵਾਜ਼" ਭਾਈ ਸਮੁੰਦ ਸਿੰਘ ਸੰਬੰਧੀ ਅਤੇ ਗੁਰਮਤਿ ਸ਼ਬਦ ਗਾਇਨ ਸੰਬੰਧੀ ਉੱਚ ਪਾਏ ਦਾ ਲੇਖ ਹੈ । ਪ੍ਰੋ. ਪਰਮਜੋਤ ਸਿੰਘ ਹੋਰਾਂ ਨੇ ਅਮਰ ਸਿੰਘ ਦੁਸਾਂਝ ਦੇ ਭਾਈ ਸਮੁੰਦ ਸਿੰਘ ਸੰਬੰਧੀ ਲੇਖ ਦਾ ਜ਼ਿਕਰ ਕੀਤਾ ਹੈ ਜਿਸਨੇ "ਮਨ ਵਿਚ ਉਨ੍ਹਾਂ ਪ੍ਰਤੀ ਸ਼ਰਧਾ, ਸਤਿਕਾਰ ਨੂੰ ਪ੍ਰਬਲ ਕੀਤਾ" ਤੇ ਉਹਨਾਂ ਭਾਈ ਸਾਹਿਬ ਦੇ ਸ਼ਿਸ਼ ਬਣਨ ਦੀ ਠਾਨ ਲਈ । ਅਜਿਹੇ ਪ੍ਰਭਾਵਸ਼ਾਲੀ ਲੇਖ ਨੂੰ ਵੀ ਪੁਸਤਕ ਵਿਚ ਥਾਂ ਮਿਲਣੀ ਚਾਹੀਦੀ ਸੀ । ਜੂਨ 1996 ਦੇ 'ਅੰਮ੍ਰਿਤ ਕੀਰਤਨ' ਮਾਸਕ ਪੱਤਰ ਵਿਚ ਭਾਈ ਸਮੁੰਦ ਸਿੰਘ ਸੰਬੰਧੀ ਬਲਵੰਤ ਗਾਰਗੀ ਦਾ ਇਕ ਲੇਖ ਛਪਿਆ ਸੀ । ਬਲਵੰਤ ਗਾਰਗੀ ਨਾ ਹੀ ਸਿੱਖ ਹੈ ਨਾ ਹੀ ਕਿਸੇ ਧਰਮ ਵਿਚ ਉਸਦਾ ਬਹੁਤਾ ਵਿਸ਼ਵਾਸ਼ ਹੈ । ਸਿੱਖ ਰਾਗ ਮਰਿਆਦਾ, ਗੁਰਬਾਣੀ ਗਾਇਨ ਨਾਲ ਵੀ ਉਸ ਦੀ ਪਹਿਚਾਣ ਪਤਲੀ ਜਹੀ ਹੀ ਹੈ । ਸੋ ਭਾਈ ਸਾਹਿਬ ਪ੍ਰਤੀ ਉਸਦੀ ਸ਼ਰਧਾ ਵੀ ਕੋਈ ਨਹੀਂ ਹੋ ਸਕਦੀ । ਪਰ ਉਸ ਦਾ ਲੇਖ ਆਪਣੇ ਆਪ ਵਿਚ ਇਕ ਕਹਿ ਡੂੰਘਾਈ ਛੁਪਾਈ ਬੈਠਾ ਹੈ । ਜਦੋਂ ਹੁਣ "ਸਵੱਰ ਸਮੁੰਦ" ਦੀ ਦੂਜੀ ਐਡੀਸ਼ਨ ਛਪੇ ਤਾਂ ਇਹ ਦੋਵੇਂ ਲੇਖ ਉਸ ਵਿਚ ਸ਼ਾਮਲ ਕਰਨ ਦੀ ਮੈਂ ਪ੍ਰੋਫੈਸਰ ਸਾਹਿਬ ਨੂੰ ਸਿਫਾਰਸ ਕਰਦਾ ਹਾਂ । ਭਾਈ ਸਾਹਿਬ ਅਵਤਾਰ ਸਿੰਘ ਜੀ ਦੇ ਲੇਖ ਤੋਂ ਬਾਦ ਬੀਬੀ ਜਸਕਿਰਨ ਕੌਰ ਦਾ ਲੇਖ "ਇਕ ਮਹਾਨ ਕੀਰਤਨੀਏ" ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਦਰਸਾਏ ਢਾਡੀ ਜਾਂ ਪਰਚਾਰਕ (ਕੀਰਤਨੀਏ) ਦੇ ਚੌਦਾਂ ਗੁਣਾਂ ਦੇ ਧਾਰਨੀ ਹੋਣ ਦੇ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਭਾਈ ਸਮੁੰਦ ਸਿੰਘ ਵਿਚੋਂ ਇਹ ਚੌਦਾਂ ਗੁਣ ਪਰਤਖ ਕਰਨ ਦਾ ਸ਼ਰਧਾ ਭਰਪੂਰ ਉਪਰਾਲਾ ਹੈ । ਪੁਸਤਕ ਵਿਚਲੇ ਬਾਕੀ ਸਾਰੇ ਲੇਖਾਂ ਵਿਚ ਇਨ੍ਹਾਂ ਗੁਣਾਂ ਵਿਚੋਂ ਕਿਸੇ ਨਾ ਕਿਸੇ ਵੱਲ ਹਰ ਲੇਖਕ ਨੇ ਇਸ਼ਾਰਾ ਕੀਤਾ ਹੈ ਜੋ ਨਿੱਜੀ ਅਨੁਭਵ ਤੇ ਆਧਾਰਿਤ ਹੈ ।

ਪ੍ਰੋ. ਪਰਮਜੋਤ ਸਿੰਘ ਇਸ ਪੁਸਤਕ ਰਾਹੀਂ ਕੀਰਤਨ ਪ੍ਰੇਮੀਆਂ ਦੇ ਹੋਰ ਨੇੜੇ ਹੋ ਗਏ ਹਨ ।


**ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ**

*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*

*ਗਿੱਲ ਫਾਰਮ, ਪਿੰਡ ਖਾਨਪੁਰ, ਖਰੜ,ਰੋਪੜ-ਫੋਨ : 855741,855730*

*ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਸੰਪਰਕ ਕਰੋ :*

*ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947*

# ਕੀਰਤਨ-ਪ੍ਰਸ਼ੰਸਾ

**ਵੀਰ ਜੀਓ,**

ਆਪ ਨੂੰ ਸਤਿਗੁਰੂ ਨੇ ਇਕ ਐਸਾ ਖਜ਼ਾਨਾ ਦਿੱਤਾ ਹੈ ਜੋ ਹੀਰੇ ਰਤਨਾਂ ਤੋਂ ਵੀ ਜ਼ਿਆਦਾ ਕੀਮਤੀ ਹੈ । ਇਕ ਅਨਮੋਲ ਖਜ਼ਾਨਾ !

ਮਾਘੀ ਵਾਲੇ ਦਿਨ ਦਾ ਕੀਰਤਨ ਉਸੇ ਹੀ ਅਨਮੋਲ ਖਜ਼ਾਨੇ ਦੀ ਇਕ ਭਰੀ ਮੁੱਠ ਸੀ ਜੋ ਤੁਸੀਂ ਇੱਥੇ ਬੈਠੀ ਸੰਗਤ ਵਿਚ ਵੰਡ ਗਏ ਤੇ ਸਾਰਿਆਂ ਨੂੰ ਅਮੀਰ ਬਣਾ ਗਏ । ਮੇਰੀ request ਕਿ ਐਸੇ ਸ਼ਬਦ ਸੁਣਉਂਣਾ ਜਿਨਾਂ ਵਿਚ ਬੈਰਾਗ ਵੀ ਹੋਏ ਪਿਆਰ ਵੀ ਹੋਏ, ਪੁਕਾਰ ਵੀ ਹੋਏ । ਸਰੀਆਂ ਹੀ ਮੁਰਾਦਾਂ ਤੁਸੀ ਪੂਰੀਆਂ ਕਰ ਦਿੱਤੀਆਂ ।

'ਅਨਿਕ ਸੂਖ ਚਕਵੀ ਨਹੀਂ ਚਾਹਤ'

ਅਨਦ ਪੂਰਨਿ ਪੇਖਿ ਦੇਂਹ'

ਤੇ ਉਹੀ ਅਨੰਦ ਭਰੇ ਵਾਤਾਵਰਣ ਵਿਚ ਤੁਸੀਂ ਸ਼ਾਇਦ ਕਈਆਂ ਨੂੰ ਦਾਤੇ ਦੇ ਦਰਸ਼ਨ ਵੀ ਕਰਾ ਦਿੱਤੇ ਹੋਣਗੇ । ਕਿਹੜੇ ਕਿਹੜੇ ਸ਼ਬਦ ਦੀ ਤਾਰੀਫ ਕਰਾਂ । ਇਹੋ ਕਹਿ ਸਕਦੇ ਹਾਂ ਕਿ ਧੁਰ ਕੀ ਬਾਣੀ ਦੀ ਤਾਰੀਫ ਕਰਨ ਵਾਲਾ ਤਾਂ ਕੋਈ ਪੈਦਾ ਹੋ ਹੀ ਨਹੀਂ ਸਕਦਾ । ਪਰ ਜਿਸਨੇ ਉਹ ਧੁਰ ਕੀ ਬਾਣੀ ਗਾ ਕੇ ਸੁਣਾਈ ਉਸ ਬਾਰੇ ਕਿਹਾ ਜਾ ਸਕਦਾ ਹੈ - "ਤਿਨ ਧੰਨ ਜਣੇਂਦੀ ਮਾਉ ਆਏ ਸਫਲ ਸੇ " । ਤੁਸੀਂ ਵਾਜੇ ਤੇ ਹੱਥ ਧਰਦਿਆਂ ਹੀ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਲੈ ਜਾਂਦੇ ਹੋ । 'ਕੀਰਤਿ ਪ੍ਰਭ ਕੀ ਗਾਓ ਮੇਰੀ ਰਸਨਾ' ਹੀ ਸ਼ਾਇਦ ਉਨ੍ਹਾਂ ਪਲਾਂ ਦਾ ਇੱਕੋ ਇੱਕ ਮਕਸਦ ਹੁੰਦਾ ਹੈ ।

"ਕਰ ਕ੍ਰਿਪਾ ਕ੍ਰਿਪਾਲ ਆਪੇ ਬਖਸ ਲੈ" ਪੜ ਕੇ ਤੁਸੀਂ ਮੇਰੇ ਮਨ ਦੀ ਇੱਛਾ ਪੂਰੀ ਤਾਂ ਕੀਤੀ ਹੀ ਹੈ ਨਾਲ ਹੀ ਇਕ master piece ਵੀ Create ਕਰ ਦਿਤਾ ਹੈ ।

ਪਹਿਲੀ ਚਿੱਠੀ ਵਿਚ ਮੈਂ ਇਕੋ ਲਾਈਨ ਲਿਖੀ ਸੀ ਕਿ "ਮੋ ਕਉ ਤੂੰ ਨਾ ਬਿਸਾਰ ਰਾਮਈਆ" ਦਾ ਸਰੂਰ ਉਤਰੇ ਤਾਂ ਕੋਈ ਤਾਰੀਫ ਕਰਾਂ । problem ਇਹ ਹੈ ਕਿ ਉਹ ਸਰੂਰ ਅਜੇ ਵੀ ਨਹੀਂ ਉਤਰਿਆ । ਜਦੋਂ ਵੀ ਲਗਾ ਲਓ ਕੈਸਟ, ਪਤਾ ਨਹੀਂ ਕਿਹੜੇ ਜਨਮਾਂ ਦੇ ਇਕੱਠੇ ਕੀਤੇ ਹੰਝੂ ਵਹਿ ਤੁਰਦੇ ਹਨ । "ਇਹ ਪੰਡੀਅਨ ਮੋਕਉ ਢੇਢ ਕਹਿਤ ਹੈ" । ਤੇ "ਆਲਾਵੰਤੀ ਇਹ ਭ੍ਰਮ ਜੋ ਹੈ ਮੁਝ ਊਪਰ ਸਭ ਕੋਪਿਲਾ" ਸੋਚਦੇ ਹਾਂ ਕਿਹੜੇ ਮੋਤੀ ਦਾਨ ਕੀਤੇ ਹਨ ਤੁਸੀਂ ਜੋ ਦਾਤੇ ਦੀ ਇਹ ਮਿਹਰ ਤੁਹਾਡੇ ਤੇ ਵਰਸਦੀ ਹੈ । ਕੀ ਤੁਹਾਨੂੰ ਪਤਾ ਹੈ ਜਦੋਂ ਤੁਸੀਂ ਇਹ ਸ਼ਬਦ ਪੜ੍ਹਿਆ ਸੀ ਤਾਂ ਸਾਡਾ ਕਮਰਾ-ਸਾਡੇ ਘਰ ਦਾ ਕਮਰਾ ਨਹੀਂ ਸੀ ਰਹਿਆ । ਇਕ ਐਸ਼ਾ ਪਵਿੱਤਰ ਮੰਦਰ ਬਣ ਗਿਆ ਸੀ ਜਿੱਥੇ ਇੱਕ ਸੱਚੇ ਹਿਰਦੇ ਚੋਂ ਕੋਈ ਬੈਰਾਗ ਭਰੀ ਪੁਕਾਰ ਨਿਕਲ ਰਹੀ ਸੀ "ਮੋ ਕਉ ਤੂ ਨਾ ਬਿਸਾਰਿ ਰਾਮਈਆ" ਤੇ ਉਸ ਬੈਰਾਗ ਭਰੀ ਪੁਕਾਰ ਨਾਲ ਸਾਰੇ ਸ਼ਾਇਦ ਸਾਰੇ ਬੈਠੇ ਸੁਣਨ ਵਾਲਿਆਂ ਨੇ ਸ਼ਾਇਦ ਪਹਿਲੀ ਵਾਰ ਵਾਹਿਗੁਰੂ ਨੂੰ ਇਤਨੇ ਵੈਰਾਗ ਨਾਲ ਪੁਕਾਰਿਆ ਹੋਵੇਗਾ ਤੇ ਮੈਨੂੰ ਯਕੀਨ ਹੈ ਕਿ ਉਹ ਪੁਕਾਰ ਉਸਦੇ ਦਰ ਤੇ ਜ਼ਰੂਰ ਪਹੁੰਚੀ ਹੋਏਗੀ । ਇਹ ਤੇ ਹੁਣ ਆਪਣੇ ਆਪਣੇ ਕਰਮ ਹਨ ਕਿ ਕਿਸ ਕਿਸ ਦੀ ਪੁਕਾਰ ਪਰਵਾਨ ਹੋਈ ਹੋਏਗੀ । ਨਹੀਂ ਤਾਂ ਤੁਸੀਂ ਤਾਂ ਕੋਈ ਕਸਰ ਨਹੀਂ ਸੀ ਛੱਡੀ । ਕੀ ਤੁਸੀਂ ਇਹ ਸ਼ਬਦ ਕਦੀ ਪਹਿਲੇ ਵੀ ਪੜ੍ਹਿਆ ਹੈ ਜਾਂ ਪਹਿਲੀ ਵਾਰ ਪੜ੍ਹਿਆ ਹੈ । ਪਤਾ ਨਹੀਂ ਕਿਉਂ ਮੈਨੂੰ ਲਗਦਾ ਹੈ ਜਿਸ mood ਵਿਚ ਤੁਸੀਂ ਉਸ ਦਿਨ ਪੜ੍ਹਿਆ ਹੈ ਉਹ mood , ਉਹ ਬੈਰਾਗ, ਉਹ ਵੇਦਨ, ਉਹ ਪੁਕਾਰ ਹਮੇਸ਼ਾ ਨਹੀਂ ਨਿਕਲਦੀ ਇਹ ਤਾਂ ਕੋਈ ਖਾਸ ਹੀ ਵੇਲਾ ਹੁੰਦਾ ਹੈ ਜਦੋਂ ਉਸ ਰੰਗ ਵਿਚ ਰੰਗਿਆ ਜਾ ਸਕੇ ।

ਵਾਹਿਗੁਰੂ ਤੁਹਾਡੀ ਉਮਰ ਇੰਨੀ ਲੰਬੀ ਕਰੇ, ਤੇ ਖਜ਼ਾਨਾ ਭਰਿਆ ਰਹੇ ਕਿ ਵੰਡਦੇ ਰਹੋ, ਵੰਡਦੇ ਰਹੋ , ਭਟਕਦੀਆਂ ਰੂਹਾਂ ਨੂੰ ਸਤਿਗੁਰੂ ਨਾਲ ਜੋੜਦੇ ਰਹੋ, ਤਪਦੇ ਹਿਰਦਿਆਂ ਨੂੰ ਸ਼ਾਂਤ ਕਰਦੇ ਰਹੋ, ਸੱਚੀ ਧੁਰ ਕੀ ਬਾਣੀ ਗਾ ਕੇ ।

ਇੱਕ ਕੀਰਤਨ ਸਰੋਤਾ

---

### ਕੀਰਤਨ-ਪ੍ਰਸ਼ੰਸਾ

*ਪੰਜਾਬੀ ਵਿੱਚ ਕਿਸੇ ਵੀ ਕਲਾ ਦੀ ਪ੍ਰਸ਼ੰਸਾ ਬਾਰੇ ਬਹੁਤ ਘੱਟ ਲਿਖਿਆ ਜਾਂਦਾ ਹੈ । ਸਾਹਿਤ ਦੀ ਪ੍ਰਸ਼ੰਸਾ ਘੱਟ ਹੁੰਦੀ ਹੈ ਅਤੇ ਅਲੋਚਨਾ ਵੱਧ । ਬਾਕੀ ਕਲਾਵਾਂ ਦੀ ਪ੍ਰਸ਼ੰਸਾ ਕਰਨ ਦਾ ਰਿਵਾਜ ਤਾਂ ਨਾਂਹ ਦੇ ਬਰਾਬਰ ਹੈ ਅਤੇ ਕਈ ਵਾਰ ਪ੍ਰਸ਼ੰਸਾ ਕਰਨ ਦੀ ਜਾਚ ਵੀ ਨਹੀਂ ਆਉਂਦੀ । ਉਪਰੋਕਤ ਪੱਤਰ ਵਿੱਚ ਇੱਕ ਕੀਰਤਨੀਏ ਦੇ ਕੀਰਤਨ ਦੀ ਪ੍ਰਸ਼ੰਸਾ, ਇੱਕ ਸਰੋਤੇ ਨੇ ਕੀਤੀ ਹੈ । ਇਸ ਨੂੰ ਛਾਪਣ ਦਾ ਮੰਤਵ ਕੇਵਲ ਪ੍ਰਸ਼ੰਸਾ ਕਰਨ ਦੀ ਵਿਧੀ ਨੂੰ ਪਾਠਕਾਂ/ਸਰੋਤਿਆਂ ਨਾਲ ਸਾਂਝਾ ਕਰਨਾ ਹੈ ਤਾਂ ਜੋ ਉਹ ਵੀ ਕਿਸੇ ਕੀਰਤਨੀਏ ਦੀ ਪ੍ਰਸ਼ੰਸਾ ਕਰ ਸਕਣ ! ਨਾਂ ਤੇ ਥਾਂ ਗੁਪਤ ਰੱਖਣ ਲਈ ਪੱਤਰ ਲੇਖਕ ਅਤੇ ਕੀਰਤਨੀਏ ਤੋਂ ਖਿਮਾਂ ਮੰਗਦੇ ਹਾਂ ।*

*-ਸੰਪਾਦਕ*

# ਮਲੋਟ ਦੇ ਉਸਤਾਦ ਰਾਗੀ

## ਪ੍ਰੋ. ਮੰਗਤ ਸਿੰਘ ਮਸਤਾਨਾ

**ਗੁ**ਰਬਾਣੀ ਦਾ ਫ਼ੁਰਮਾਨ ਹੈ ਕਿ "ਜੈਸੋ ਗੁਰ ਉਪਦੇਸਿਆ ਮੈ ਤੈਸੋ ਕਿਹਾ ਪੁਕਾਰ" ਇਸ ਅਨੁਸਾਰ ਗੁਰਬਾਣੀ ਦਾ ਨਿਰੋਲ ਕੀਰਤਨ ਕਰਨ ਵਾਲੇ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ "ਜੈਸੇ ਸਾਤ ਮੰਦਰ, ਕੰਚਨ ਕੇ ਉਸਾਰ ਦੀਨੇ ਤੈਸਾ ਪੁਨ ਸਿੱਖ ਕੋ ਇਕ ਸ਼ਬਦ ਸਿਖਾਇਕੇ" ਦੇ ਅਨੁਸਾਰ ਹਰ ਇਕ ਸੰਗੀਤ ਦੇ ਸਿੱਖਣ ਵਾਲੇ ਨੂੰ ਸੰਗੀਤ (ਕੀਰਤਨ) ਸਿਖਾਉਣ ਦੇ ਮਾਹਿਰ ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ ਰਾਮ ਨਗਰ ਵਾਲੇ ਜਿਹੜੇ ਮਲੋਟ ਦੇ ਜੰਮਪਲ ਹਨ ਇਹ ਇਕ ਕੱਟੜ ਹਿੰਦੂ ਘਰਾਣੇ ਵਿੱਚੋਂ ਸਨ ਪਰ ਹੁਣ ਅੰਮ੍ਰਿਤਧਾਰੀ ਸਿੰਘ ਹਨ । ਸੰਤ ਬਾਬਾ ਵਿਰਸਾ ਸਿੰਘ ਜੀ ਗੋਬਿੰਦ ਸਦਨ ਦਿੱਲੀ ਵਾਲਿਆਂ ਦੀ ਕਥਾ ਤੋਂ ਪ੍ਰਭਾਵਿਤ ਹੋ ਕੇ ਅਤੇ ਭਾਈ ਵਜ਼ੀਰ ਸਿੰਘ ਰਾਮ ਨਗਰ ਵਾਲਿਆਂ ਅਤੇ ਸ੍ਰ. ਸੁਖਚੈਨ ਸਿੰਘ ਸੰਧੂ ਯੂ.ਕੇ. ਮਲੋਟ ਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਨਾਲ ਜੁੜੇ ਸਨ । ਉਪਰੰਤ ਅਬੋਹਰ ਦੇ ਪ੍ਰਸਿੱਧ ਰਾਗੀ ਸਵ: ਭਾਈ ਪ੍ਰੀਤਮ ਸਿੰਘ ਜੀ ਗੁਰਦੁਆਰਾ ਗੁਰੂ ਅੰਗਦ ਦੇਵ ਜੀ ਅਬੋਹਰ ਦੇ ਸਾਬਕਾ ਰਾਗੀ ਜੀ ਪਾਸੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਲਗਾਤਾਰ ਤਿੰਨ ਚਾਰ ਸਾਲ ਤਬਲਾ ਵਜਾਇਆ । ਇਸ ਤੋਂ ਬਾਅਦ ਭਾਈ ਕੇਹਰ ਸਿੰਘ ਜੀ ਕੋਮਲ ਜੋ ਕਿ ਭਾਈ ਜਸਵੰਤ ਸਿੰਘ ਜੀ ਤੀਬਰ ਕਲਾਰਾਂ ਵਾਲਿਆਂ ਦੇ ਸ਼ਗਿਰਦ ਹਨ, ਉਹਨਾਂ ਪਾਸ ਰਹਿ ਕੇ ਤਬਲੇ ਦੀ ਡਿਊਟੀ ਕੀਤੀ । ਰਾਜਸਥਾਨ ਦੇ ਪ੍ਰਸਿੱਧ ਸ਼ਹਿਰ ਸ੍ਰੀ ਗੰਗਾ ਨਗਰ ਗੁਰਦੁਆਰਾ ਕਲਗੀਧਰ ਵਿਨੋਬਾ ਬਸਤੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਨੂੰਮਾਨਗੜ੍ਹ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਸਰੀ ਸਿੰਘਪੁਰ (ਰਾਜਸਥਾਨ) ਤੋਂ ਉਪਰੰਤ ਮਲੋਟ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਮੁਹੱਲਾ ਕਰਨੈਲ ਸਿੰਘ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਲੋਟ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮੰਡੀ ਹਰਜੀ ਰਾਮ (ਮਲੋਟ) ਆਦਿ ਗੁਰਦੁਆਰਿਆਂ ਵਿਚ ਕੀਰਤਨ ਦੀ ਡਿਊਟੀ ਕੀਤੀ । ਅੱਜ ਕਲ ਮਸਤਾਨਾ ਜੀ ਨੇ ਆਪਣਾ ਸੰਗੀਤ ਸਿਖਲਾਈ ਕਾਲਜ ਮਲੋਟ ਸ਼ਹਿਰ ਵਿਚ ਹੀ ਖੋਲਿਆ ਹੋਇਆ ਹੈ । ਸੰਨ 1994 ਵਿਚ 2 ਅਕਤੂਬਰ ਨੂੰ ਮੋਗਾ ਦੇ ਰੀਗਲ ਸਿਨੇਮਾ ਵਿਖੇ ਪੰਜਾਬ ਯੁਵਾ ਸ਼ਾਂਤੀ ਪ੍ਰੀਸ਼ਦ ਮੋਗਾ ਵਲੋਂ ਮਸਤਾਨਾ ਜੀ ਨੂੰ ਗਾਇਕੀ ਦੇ ਸਬੰਧ ਵਿਚ ਸਨਮਾਨਿਤ ਕੀਤਾ ਗਿਆ ਅਤੇ ਇਲਾਕੇ ਦੀਆਂ ਹੋਰ ਵੀ ਸੰਸਥਾਵਾਂ ਵਲੋਂ ਬਹੁਤ ਸਾਰੇ ਇਨਾਮ, ਸਨਮਾਨ ਪ੍ਰਾਪਤ ਹੋਏ । ਇਹਨਾਂ ਦਾ ਤਖੱਲੱਸ ਪੰਡਤ ਸਰਵਣ ਸਿੰਘ ਕਾਂਸ਼ੀ ਵਾਲਿਆਂ ਨੇ ਮਸਤਾਨਾ ਰੱਖਿਆ ਸੀ । ਇਸ ਲਈ ਹੁਣ ਮਸਤਾਨਾ ਦੇ ਨਾਲ ਪ੍ਰਸਿੱਧ ਹਨ ।

ਮਸਤਾਨਾ ਜੀ ਨੇ ਮਲੋਟ ਦੇ ਪ੍ਰਸਿੱਧ ਸੰਗੀਤਕਾਰ

**The Sikh Courier**

88 Mollison Way, Edgware Middlesex
(Greator London) U.K.

**The Sikh Review**

116 Karnani Mansion
25-A, Park Steet, Calcutta 700016

(ਗਜ਼ਲਗੋ) ਪ੍ਰੋ. ਅਰਵਿੰਦਰਪਾਲ ਸਿੰਘ ਜੀ ਪਾਸੋਂ ਕਲਾਸੀਕਲ ਦੀ ਸਿੱਖਿਆ ਲਈ ਜਿਨ੍ਹਾਂ ਦੀ ਕ੍ਰਿਪਾ ਨਾਲ ਉਹ ਹਰ ਤਰ੍ਹਾਂ ਦੀ ਗਾਇਕੀ ਵਿੱਚ ਸਫਲ ਹੋਏ। ਆਲ ਇੰਡੀਆ ਰੇਡੀਓ ਬਠਿੰਡਾ ਦੇ ਏ ਕਲਾਸ ਕਲਾਕਾਰ ਹਨ। ਮਸਤਾਨਾ ਜੀ ਨੇ, ਮੀਰਾ ਮਿਊਜ਼ਿਕ ਕਾਲਜ ਬਠਿੰਡਾ, ਦੇ ਸੈਂਟਰ ਰਾਹੀਂ, ਪ੍ਰਾਚੀਨ ਕਲਾਂ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਬੀ.ਏ. ਤੱਕ ਦਾ ਡਿਪਲੋਮਾ ਹਾਸਲ ਕੀਤਾ ਉਪਰੰਤ ਦਿੱਲੀ ਤੋਂ ਮੈਡੀਕਲ ਦਾ ਐਮ.ਆਈ. ਐਮ. ਐਸ. ਦਾ ਡਿਪਲੋਮਾ ਹਾਸਲ ਕੀਤਾ। ਮਸਤਾਨਾ ਜੀ ਨੇ ਬਹੁਤ ਸਾਰੇ ਰਾਗੀ ਅਤੇ ਸਕੂਲਾਂ ਕਾਲਜਾਂ ਦੇ ਵਿੱਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿਤੀ ਜਿਸ ਵਿਚ ਮਲੋਟ ਦੇ 99% ਰਾਗੀ, ਮਸਤਾਨਾ ਜੀ ਦੇ ਸ਼ਗਿਰਦ ਹਨ। ਜੇਕਰ ਮਸਤਾਨਾ ਜੀ ਨੂੰ ਮਲੋਟ ਦੇ ਉਸਤਾਦ ਆਖ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰਬਾਣੀ ਦੇ ਫੁਰਮਾਨ ਅਨੁਸਾਰ "ਕਹਿਬੇ ਕੋ ਸੋਬਾ ਨਹੀਂ ਦੇਖਾ ਹੀ ਪ੍ਰਵਾਣ" ਅਨੁਸਾਰ ਇਹ ਅਟੱਲ ਸੱਚਾਈ ਹੈ। ਮਸਤਾਨਾ ਜੀ ਨੇ ਸੰਗੀਤ ਸਿੱਖਣ ਵਾਲਿਆਂ ਨੂੰ ਬੜੇ ਪ੍ਰੇਮ ਨਾਲ ਸੰਗੀਤ ਸਿਖਾਇਆ ਕਿਉਂਕਿ ਸਿਆਣਿਆਂ ਦੇ ਕਥਨ ਅਨੁਸਾਰ ਗੱਲ ਇਹ ਹੈ ਕਿ ਜਿਸ ਨੇ ਵੀ ਪਿਛਲੇ ਜਨਮ ਵਿਚ ਸੋਨਾ ਦਾਨ ਕੀਤਾ ਹੋਵੇ ਉਸ ਨੂੰ ਹੀ ਸੰਗੀਤ ਦੀ ਵਿੱਦਿਆ ਮਿਲ ਸਕਦੀ ਹੈ। ਮਸਤਾਨਾ ਜੀ ਦੀ ਇਕ ਖਾਸੀਅਤ ਹੈ ਕਿ ਉਹ ਪ੍ਰੋ. ਦਰਸ਼ਨ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਸੁਰਜਨ ਸਿੰਘ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਗਾਇਕ ਜਿਸ ਤਰ੍ਹਾ ਸੁਰਿੰਦਰ ਛਿੰਦਾ, ਕਰਤਾਰ ਸਿੰਘ ਰਮਲਾ, ਮੁਹੰਮਦ ਸਦੀਕ, ਜਗਤਾਰ ਜੱਗਾ ਅਤੇ ਯਮਲਾ ਜੀ ਦੇ ਸ਼ਗਿਰਦ ਸ੍ਰੀ ਹਰਦੇਵ ਯਮਲਾ ਆਦਿ ਕਲਾਕਾਰਾਂ ਦਾ ਹੂਬਹੂ ਗਾਇਕੀ ਅੰਦਾਜ਼ ਪੇਸ਼ ਕਰ ਸਕਦੇ ਹਨ। ਜੇਕਰ ਮਸਤਾਨਾ ਜੀ ਸਟੇਜ ਤੇ ਗਾ ਰਹੇ ਹੋਣ ਤਾਂ ਉਪਰੋਕਤ ਰਾਗੀ ਜਾਂ ਕਲਾਕਾਰ ਦੀ ਤਸਵੀਰ ਸੁਣਨ ਵਾਲਿਆਂ ਦੇ ਸਾਹਮਣੇ ਆ ਜਾਂਦੀ ਹੈ। ਪ੍ਰਸਿੱਧ ਗਜ਼ਲ ਗਾਇਕ ਗੁਲਾਮ ਅਲੀ, ਨੁਸਰਤ ਫਤਿਹ ਅਲੀ ਖਾਂ ਅਤੇ ਗਾਇਕ ਕਲਾਕਾਰ ਭੁਪਿੰਦਰ ਸਿੰਘ, ਮੁਹੰਮਦ ਰਫੀ ਅਤੇ ਭਾਈ ਬਖਸ਼ੀਸ਼ ਸਿੰਘ, ਭਾਈ ਰਜਿੰਦਰ ਸਿੰਘ ਦੁਬਈ ਵਾਲੇ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ, ਸੰਤ ਨਿਰੰਜਨ ਸਿੰਘ ਜਵੱਦੀ ਕਲਾਂ ਵਾਲੇ, ਅਤੇ ਭਾਈ ਚਰਨਜੀਤ ਸਿੰਘ ਦਿੱਲੀ ਆਦਿ ਸੰਗੀਤ ਦੇ ਮਾਹਿਰਾਂ ਤੋਂ ਪ੍ਰਭਾਵਿਤ ਹੋ ਕੇ ਕੀਰਤਨ ਕਰਨ ਲਗੇ ਹਨ। ਜਲਦੀ ਹੀ ਮਸਤਾਨਾ ਜੀ ਕੀਰਤਨ ਦੀ ਕੈਸਿਟ ਕਰਵਾ ਰਹੇ ਹਨ। ਸੰਗਤਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਨ ਕਿ ਨਿਰੋਲ ਸ਼ਬਦ ਕੀਰਤਨ ਕਰਨ ਵਾਲਿਆਂ ਤੋਂ ਸ਼ਬਦ ਕੀਰਤਨ ਕਰਾਉਣ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਦੀ ਮਰਿਆਦਾ ਹੈ ਕਿ ਨਿਰੋਲ ਕੀਰਤਨ ਕੀਤਾ ਜਾਵੇ ਕਿਉਂਕਿ ਅੱਜਕਲ ਰਾਗੀ ਵਿਆਖਿਆ ਤੋਂ ਇਲਾਵਾ ਮਨਘੜਤ ਸਾਖੀਆਂ ਜਾਂ ਕਵਿਤਾਵਾਂ, ਕੱਚੀ ਬਾਣੀ ਦੀਆਂ ਕੈਸਟਾਂ ਕਰਵਾ ਰਹੇ ਹਨ ਜੋ ਕਿ ਗੁਰਮਤਿ ਦੇ ਵਿਰੁਧ ਹੈ। ਵਿਆਖਿਆ ਅਤੇ ਕੱਚੀ ਬਾਣੀ ਗਾਉਣ ਵਾਲਿਆਂ ਨੂੰ ਕੀਰਤਨ ਲਈ ਨਾ ਬੁਲਾਇਆ ਜਾਵੇ ਜਿਹੜੇ ਕਲਾਸੀਕਲ ਜਾਂ ਰੀਤਾਂ ਵਿਚ ਕੀਰਤਨ ਕਰਦੇ ਹਨ ਉਹਨਾਂ ਨੂੰ ਹੀ ਵੱਧ ਤੋਂ ਵੱਧ ਸੇਵਾ ਦਾ ਮੌਕਾ ਦਿੱਤਾ ਜਾਵੇ।

## ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ।*

*–ਸੰਪਾਦਕ*

# ਪ੍ਰਸ਼ਨਾਵਲੀ - 5

ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇਸੇ ਮਹੀਨੇ ਵਿੱਚ ਸਾਨੂੰ ਭੇਜੋ ਅਤੇ ਇਨਾਮ ਵਜੋਂ ਪੁਸਤਕਾਂ/ ਰਸਾਲੇ ਪ੍ਰਾਪਤ ਕਰੋ :

1. ਕੀਰਤਨੀਆਂ ਡੰਡਉਤ ਕਿਵੇਂ ਕਰਦਾ ਹੈ ?
2. ਭਗਤ ਰਵਿਦਾਸ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ ਰਚੀ ?
3. ਰਾਗ ਲਲਿਤ ਦੀ ਪਕੜ ਲਿਖੋ ?
4. ਰਾਗ ਖਮਾਜ ਦਾ ਅਰੋਹ-ਅਵਰੋਹ ਲਿਖੋ ?
5. ਪੰਜਾਬ ਤੋਂ ਬਾਹਰ ਰਹਿੰਦੇ ਆਪਣੇ 5 ਸਨੇਹੀਆਂ ਦੇ ਐਡਰੇਸ ਲਿਖੋ ਜਿਹਨੂੰ ਨੂੰ ਤੁਹਾਡਾ ਨਾਂ ਲੈ ਕੇ 'ਅੰਮ੍ਰਿਤ-ਕੀਰਤਨ' ਦੇ ਮੈਂਬਰ ਬਣਨ ਲਈ ਪ੍ਰੇਰਨਾ ਦੇ ਸਕੀਏ ।

ਉੱਤਰ ਭੇਜਣ ਵੇਲੇ ਆਪਣਾ ਨਾਮ, ਪਤਾ, ਉਮਰ, ਰੁਚੀ, ਪੜ੍ਹਾਈ ਅਤੇ ਕੰਮ ਕਿੱਤੇ ਬਾਰੇ ਜ਼ਰੂਰ ਲਿਖੋ ।

ਪਿੱਛਲੇ ਮਹੀਨੇ ਇਨਾਮ ਪ੍ਰਾਪਤ ਕਰਨ ਵਾਲਿਆਂ ਦੇ ਨਾਮ ਇਸ ਪ੍ਰਕਾਰ ਹਨ :

1. ਭਾਈ ਸੁਖਰਾਜ ਸਿੰਘ ਰਾਗੀ
   ਗੁਰਦੁਆਰਾ ਅਜਾਪਾਲ ਸਿੰਘ
   ਅਲਹੋਰਾਂ ਗੇਟ, ਨਾਭਾ
2. ਹਰਮਿੰਦਰ ਕੌਰ
   276, ਆਰ-ਮਾਡਲ ਟਾਊਨ
   ਜਲੰਧਰ
3. ਕੁਲਵੰਤ ਕੌਰ
   W/O ਸ੍ਰ. ਜਗਮੋਹਨ ਸਿੰਘ ਮਲਹੋਤਰਾ
   7 ਪੰਜਾਬ ਮਾਤਾ ਨਗਰ
   ਪੱਖੋਵਾਲ ਰੋਡ, ਲੁਧਿਆਣਾ
4. ਹਰਮੀਤ ਕੌਰ
   48 ਸਤਿ ਕਰਤਾਰ ਨਗਰ
   ਜਲੰਧਰ ਸ਼ਹਿਰ-3
5. ਜਤਿੰਦਰ ਸਿੰਘ
   24/66-ਬੀ, ਤਿਲਕ ਨਗਰ
   ਨਵੀਂ ਦਿੱਲੀ-18

## ਇੱਕ ਗੱਲ, ਤੁਹਾਡੇ ਨਾਲ

*'ਅੰਮ੍ਰਿਤ ਕੀਰਤਨ' ਦੇ ਪਿਆਰੇ ਪਾਠਕ ਵੀਰੋ ਤੇ ਭੈਣੋ, ਮੈਗਜ਼ੀਨ ਬਾਰੇ ਤੁਹਾਡੇ ਵਿਚਾਰਾਂ, ਰਾਵਾਂ ਤੇ ਸੁਝਾਵਾਂ ਦਾ ਸੁਆਗਤ ਹੈ । ਤੁਹਾਡੇ ਪੱਤਰਾਂ ਦੀ ਅਸੀਂ ਤੀਬਰਤਾ ਨਾਲ ਉਡੀਕ ਕਰਦੇ ਹਾਂ ਤੇ ਅੱਗੋਂ ਲਈ ਨੀਤੀਆਂ ਘੜਦੇ ਹਾਂ । ਸਾਡੇ ਲਈ ਹਰ ਇੱਕ-ਇੱਕ ਪਾਠਕ ਤੇ ਹਰ ਇੱਕ-ਇੱਕ ਪੱਤਰ ਕੀਮਤੀ ਹੈ ।*

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ ।

ਗੁਰਦੁਆਰਾ ਸਾਹਿਬ,
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

ਉਜਲ ਸਿੰਘ ਮਦਾਨ,
1470, ਸੈਕਟਰ 43-ਬੀ, ਚੰਡੀਗੜ੍ਹ

ਗੁਰਦੁਆਰਾ ਸਾਚਾ ਧੰਨ,
ਫੇਜ਼-3-ਬ-1, ਮੋਹਾਲੀ

ਗਿ : ਕਸ਼ਮੀਰ ਸਿੰਘ,
1612 ਫੇਜ਼-7, ਮੋਹਾਲੀ

ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਕਲਾ, ਲੁਧਿਆਂਣਾ

ਸੰਗੀਤ ਭਾਰਤੀ,
99 ਬੀ.ਸ਼ਾਸਤਰੀ ਨਗਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜ਼ਿਕ ਕਾਲਜ,
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276-ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

ਭਾਈ ਵੀਰ ਸਿੰਘ ਹਾਲ,
ਲਾਰੰਸ ਰੋਡ, ਅੰਮ੍ਰਿਤਸਰ

ਸ੍ਰ. ਬੂਟਾ ਸਿੰਘ ਹੰਸਪਾਲ
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ,
232 ਈਸਟ ਮੋਹਨ ਨਗਰ, ਅੰਮ੍ਰਿਤਸਰ

ਸਚਦੇਵਾ ਸੰਗੀਤ ਅਕੈਡਮੀ,
ਗੁਰਦੁਆਰਾ ਰੋਡ, ਮਲੋਟ

ਮਸਤਾਨਾ ਮਿਊਜਿਕ ਅਕੈਡਮੀ,
ਮਲੋਟ

ਗੁਰਦੁਆਰਾ ਦਸ਼ਮੇਸ਼ਗੜ੍ਹ,
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

ਨੀਲਮ ਸੰਗੀਤ ਮੰਦਰ,
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

ਗੁਰਮਤਿ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜ਼ਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿੱਦਿਆਲਾ
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ, ਫਗਵਾੜਾ

ਜੀ. ਐਸ. ਸਰਦਾਰ,
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

ਗੁਰਮਤਿ ਵਿੱਦਿਆਲਾ
ਗੁ: ਰਕਾਬ ਗੰਜ, ਨਵੀਂ ਦਿੱਲੀ

ਗੁਰਬਾਣੀ ਸੰਗੀਤ ਅਕੈਡਮੀ,
69/2 ਪਡਾਪੁਕਾਰ ਰੋਡ, ਕਲੱਕਤਾ

ਸ. ਸ. ਕਰੀਰ
2-ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ

## ਪ੍ਰੋ. ਸਾਹਿਬ ਸਿੰਘ

# ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ

### ਰਾਗੁ ਸੂਹੀ ਮਹਲਾ ੧ ਘਰੁ ੩

ਸਤਿਗੁਰ ਪ੍ਰਸਾਦਿ ॥ ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੈ ਘਰਿ ਆਏ ॥੧॥

**ਅਰਥ :** ਹੇ ਸੱਜਨ-ਪ੍ਰਭੂ ! ਆ, ਮੈਂ ਤੇਰਾ ਦਰਸ਼ਨ ਕਰ ਸਕਾਂ । (ਹੇ ਸੱਜਣ !) ਮੈਂ ਆਪਣੇ ਹਿਰਦੇ ਵਿਚ ਪੂਰੀ ਸਾਵਧਾਨਤਾ ਨਾਲ ਤੇਰੀ ਉਡੀਕ ਕਰ ਰਹੀ ਹਾਂ, ਮੇਰੇ ਮਨ ਵਿਚ ਬੜਾ ਹੀ ਚਾਉ ਹੈ (ਕਿ ਤੇਨੂੰ ਤੇਰਾ ਦਰਸ਼ਨ ਹੋਵੇ) । ਹੇ ਮੇਰੇ ਪ੍ਰਭੂ ! (ਮੇਰੀ ਬੇਨਤੀ) ਸੁਣ, ਮੇਰੇ ਮਨ ਵਿਚ (ਤੇਰੇ ਦਰਸ਼ਨ ਲਈ) ਬੜਾ ਹੀ ਚਾਉ ਹੈ, ਮੈਨੂੰ ਆਸਰਾ ਭੀ ਤੇਰਾ ਹੀ ਹੈ ।

ਹੇ ਨਾਨਕ ! ਸੱਜਣ ਪ੍ਰਭੂ ਤੋਂ ਸਦਕੇ ਹੋਣਾ ਚਾਹੀਦਾ ਹੈ । ਜੇਹੜੀ ਜੀਵ-ਇਸਤ੍ਰੀ ਉਸ ਦੇ ਸਦਾ-ਥਿਰ ਨਾਮ ਵਿਚ ਜੁੜਦੀ ਹੈ, ਉਸ ਦੇ ਹਿਰਦੇ ਵਿਚ ਉਹ ਆ ਪ੍ਰਗਟਦਾ ਹੈ ।੧।


**'ਅੰਮ੍ਰਿਤ ਕੀਰਤਨ'**

ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ


### ਬਸੰਤੁ ਮਹਲਾ ੩

ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ ਤੁਮ ਸਾਚੁ ਧਿਆਵਹੁ ਮੁਗਧ ਮਨਾ ॥ ਤਾਂ ਸੁਖੁ ਪਾਵਹੁ ਮੇਰੇ ਮਨਾ ॥ ੧॥ ਰਹਾਉ॥ ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥ ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੇ ਤਾਂ ਏਕੋ ਜਾਣੈ ॥੩॥ ਕਹਤ ਨਾਨਕੁ ਹਉਮੈ ਕਹੈ ਨਾ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੧੪॥

**ਅਰਥ :** ਹੇ (ਮੇਰੇ) ਮੂਰਖ ਮਨ ! ਤੂੰ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਿਆ ਕਰ । ਤਦੋਂ ਹੀ, ਹੇ ਮੇਰੇ ਮਨ ! ਤੂੰ ਆਨੰਦ ਮਾਣ ਸਕੇਂਗਾ ।੧।

ਹੇ ਭਾਈ ! (ਜਿਵੇਂ ਜਦੋਂ) ਬਸੰਤ ਚੜ੍ਹਦਾ ਹੈ ਤਾਂ ਸਾਰੀ ਬਨਸਪਤੀ ਹਰੀ-ਭਰੀ ਹੋ ਜਾਂਦੀ ਹੈ, (ਤਿਵੇਂ) ਗੁਰੂ ਦੀ ਸੰਗਤਿ ਵਿਚ ਰਹਿ ਕੇ ਇਹ ਮਨ(ਆਤਮਿਕ ਜੀਵਨ ਨਾਲ) ਹਰਾ-ਭਰਾ ਹੋ ਜਾਂਦਾ ਹੈ ।੧।

ਹੇ ਭਾਈ ! (ਜਿਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ) ਗੋਬਿੰਦ ਦਾ ਨਾਮ ਹਾਸਲ ਕਰ ਲਿਆ, ਆਤਮਿਕ ਜੀਵਨ ਦੇਣ ਵਾਲਾ ਨਾਮ-ਫਲ ਪ੍ਰਾਪਤ ਕਰ ਲਿਆ, ਉਸਦਾ ਇਹ ਮਨ ਖਿੜ ਪੈਣ ਨਾਲ ਉਸ ਦੇ ਅੰਦਰ ਆਤਮਿਕ ਆਨੰਦ ਪੈਦਾ ਹੋ ਗਿਆ ।੨।

ਹੇ ਭਾਈ ! ਉਂਞ ਤਾਂ ਹਰੇਕ ਮਨੁੱਖ ਆਖ ਕੇ ਦੱਸਦਾ ਹੈ ਕਿ (ਸਭ ਥਾਈਂ) ਪਰਮਾਤਮਾ ਆਪ ਹੀ ਆਪ ਹੈ, ਪਰ ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ, ਤਦੋਂ ਹੀ ਉਸ ਨਾਲ ਡੂੰਘੀ ਸਾਂਝ ਪਾਂਦਾ ਹੈ ।੩।

ਹੇ ਭਾਈ ! ਨਾਨਕ ਆਖਦਾ ਹੈ-(ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ ਤਦੋਂ) ਮਨੁੱਖ 'ਮੈਂ, ਮੈਂ' ਨਹੀਂ ਕਰਦਾ (ਤਦੋਂ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ) ਜੀਵ ਉਹੀ ਕੁਝ ਆਖਦਾ ਵੇਖਦਾ ਹੈ ਜੋ ਮਾਲਕ ਵਲੋਂ ਪ੍ਰੇਰਨਾ ਹੁੰਦੀ ਹੈ ।੪।੧੪।

# ਪੰਡਤ ਰਾਮ ਚੰਦਰ ਤਿਰਵੇਦੀ

## ਰਾਗ ਸੂਹੀ (ਕਾਫ਼ੀ ਪ੍ਰਕਾਰ)

ਵਾਦੀ : ਮਧਿਅਮ ਸੰਵਾਦੀ : ਸੜਜ ਜਾਤੀ : ਸ਼ਾਡਵ-ਸੰਪੂਰਨ
ਸਮਾਂ : ਦਿਨ ਦਾ ਦੂਜਾ ਪਹਿਰ
ਆਰੋਹ : ਸਾ ਰੇ ਗੁ, ਮ ਪ ਨ਼ ਸਂ "
ਅਵਰੋਹ : ਸਂ ਨ਼ ਧ ਪ, ਮ ਗੁ, ਰ ਸ "
ਪਕੜ : ਨ਼ ਪ, ਧ ਪ ਮ ਪ, ਗੁ ਰ ਸ "

### ਰਾਗ ਸੂਹੀ
(ਤਿਨ ਤਾਲ)

| 0 | | | | 3 | | | | x | | | | 2 | | | |
|---|---|---|---|---|---|---|---|---|---|---|---|---|---|---|---|
| 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
| ਤਾ | ਤਿੰ | ਤਿੰ | ਨਾ | ਤਾ | ਧਿੰ | ਧਿੰ | ਨਾ | ਧਾ | ਧਿੰ | ਧਿੰ | ਨਾ | ਧਾ | ਧਿੰ | ਧਿੰ | ਨਾ |
| | | | | | | | | | | | | | | ਪਨ਼ੀ | ਮਪ |
| | | | | | | | | | | | | | | ਆs | -- |
| ਸਾਂ | - | - | - | ਨ਼ | ਪ | ਮਪ | ਨ਼ੀਪ | ਗੁ | - | - | - | - | - | ਰੇ | ਪ |
| ਵਹੁ | - | - | - | - | - | ਸ- | ਜ- | ਣਾ | - | - | - | - | - | ਹ | ਉ |
| - | ਗੁ | ਗੁ | ਮ | ਰੇ | ਰੇ | ਸ | ਸ | ਰੇ | - | - | - | ਸਾ | - | ਰੇ | ਪ |
| - | ਦੇ | - | ਖਾ | ਦ | ਰ | ਸ | ਨ਼ | ਤੇ | - | - | - | ਰਾ | - | ਹ | ਉ |
| - | ਗੁ | ਗੁ | ਮ | ਰੇ | ਰੇ | ਸ | ਸ | ਰੇ | - | ਸ | - | ਸ | - | - | - |
| - | ਦੇ | - | ਖਾ | ਦ | ਰ | ਸ | ਨ਼ | ਤੇ | - | ਰਾ | - | ਰਾ | - | - | ਮ |
| - | ਨ਼ੀ | ਨ਼ੀ | ਪ਼ | ਨ਼ੀ | ਨ਼ੀ | ਸ | - | ਗੁ | ਗੁ | ਗੁ | ਮ | ਰੇ | - | ਸ | - |
| - | ਘ | ਰਿ | ਆ | ਪੰ | ਨ | ੜੇ | - | ਖ | - | ੜੀ | ਤ | ਕਾ | - | - | - |
| - | ਪ | ਪ | ਪ | ਨ਼ | ਮ | ਪ | ਸਾਂ | ਸਾਂ | - | ਗੁ | ਮ | ਰੇ | - | ਸਾ | - |
| - | ਮੈ | ਮ | ਨਿ | ਚਾ | - | ਉ | ਘ | ਨੇ | - | ਰਾ | - | ਰਾ | - | ਮ | - |
| - | ਪ | ਪ | ਪ | ਨ਼ੀ | ਮ | ਪ | ਸਾਂ | ਸਾਂ | - | ਗੁ | ਮ | ਰੇ | ਸ | ਪਨ਼ੀ | ਮਪ |
| - | ਮੈ | ਮ | ਨਿ | ਚਾ | - | ਉ | ਘ | ਨੇ | - | ਰਾ | - | ਰਾਮ | ਰਾ'- | - | - |
| | | | | | | | ਅੰਤਰਾ | | | | | | | | |
| ਮ | ਮ | ਮ | ਮ | ਪ | ਪ | ਨ਼ੀਮ | ਪ | ਨ਼ੀ | ਨ਼ੀ | ਸਾਂ | ਸਾਂ | ਸਾਂ | - | ਸਾਂ | - |
| ਮ | ਨ | ਚਾ | ਉ | ਘ | ਨੇ | - | ਰਾ | ਸੁ | ਣਿ | ਪ੍ਰ | ਭ | ਮੇ | - | ਰਾ | - |
| - | ਪ | ਰੇਂ | ਰੇਂ | ਰੇਂ | ਸਾਂ | ਨ਼ੀਸਾਂ | ਰੇਂਸਾਂ | ਨ਼ | - | ਪ | - | - | - | - | - |
| - | ਮੈ | - | ਤੇ | ਰਾ | - | ਭ- | ਰ- | ਵਾ | - | ਸਾ | - | - | - | - | - |
| - | ਰੇਂਰੇਂ | ਰੇਂ | ਰੇਂ | ਰੇ | ਸਾਂ | ਰੇਂ | ਪਾਂ | ਗੁਂ | - | ਗੁਂ | ਮਂ | ਰੇਂ | - | ਸਾਂ | ਸਾਂ |
| - | ਦਰ | ਸ | ਨੁ | ਦੇ | - | ਖਿ | ਭ | ਈ | - | ਨਿ | ਹ | ਕੇ | - | ਵ | ਲ |
| - | ਨ਼ੀਨ਼ੀ | ਪ | ਪ | ਨ਼ | ਮ | ਪ | ਸਾਂ | ਗੁ | - | ਗੁ | ਮ | ਰੇ | - | ਸਾ | - |
| - | ਜਨ | ਮ | ਮ | ਰ | ਣ | ਦੁ | ਖੁ | ਨਾ | - | - | - | ਸਾ | - | - | - |
| - | ਨ਼ੀਨ਼ੀ | ਪ | ਪ | ਨ਼ੀ | ਮ | ਪ | ਸਾਂ | ਗੁ | - | ਗੁ | ਮ | ਰੇ | ਸਾ | ਪਨ਼ੀ | ਮਪ |
| - | ਜਨ | ਮ | ਮ | ਰ | ਣ | ਦੁ | ਖੁ | ਨਾ | - | - | - | ਸਾ- | - | ਆ- | - |

ਹਰਿਭਜਨ ਸਿੰਘ

# ਰਾਗ ਬਸੰਤ (ਮਾਰਵਾ ਠਾਠ)

ਵਾਦੀ : ਸਂ, ਸਿਵਾਦੀ ਪ, ਠਾਠ : ਮਾਰਵਾ, ਜਾਤਿ : ਓਡਵ/ਸੰਪੂਰਣ

ਆਰੋਹ : ਸ ਗ, ਮੇ ਧ ਸਂ ਅਵਰੋਹ : ਰੁਂ ਨ ਧ, ਪ, ਮੇ ਗ, ਮੇ ਗ, ਰੁਸ, ਮ

ਪਕੜ : ਸ ਮ, ਮੇ ਮਗ, ਨ ਧ ਪ, ਮੇ ਗ, ਸ ਗ, ਮੇ ਧ ਸਂ "

ਸਮਾਂ : ਰਾਤ ਚੋਥਾ ਪਹਿਰ ਜਾਂ ਰੁਤ ਸਮੇਂ "

### ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| 0 | | | 1 | | 2 | | 0 | | | 1 | | 2 | |
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਤਿੰ | ਤਿੰ | ਤਕ | ਧਿ | ਨਾ | ਧਿ | ਨਾ | ਤਿੰ | ਤਿੰ | ਤਕ | ਧਿੰ | ਨਾ | ਧਿੰ | ਨਾ |
| ਮਂ | ਗ | ਰੁ | ਸ | – | ਸ | – | ਨ਼ | ਧ਼ | ਰੁ | ਸ | – | – | – |
| ਸਾ | ਚੁ | ਧਿ | ਆ | s | ਵਹੁ | s | ਮੁਗ | ਧ | ਮ | ਨਾ | s | s | |
| ਗ | ਗ | ਗ | ਮਂ | – | ਧ | ਨ | ਸਂ | ਨ | ਧ | ਮਂ | – | ਗ | |
| ਤਾਂ | ਸੁ | ਖ | ਪਾ | s | ਵਹੁ | s | ਮੇਰੇ | s | ਮ | ਨਾ | s | s | |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਗ | ਗ | ਮਂ | – | ਧ | – | ਸਂ | ਸਂ | ਸਂਨ | ਰੁੇਂ | – | ਸਂ | |
| ਬਨਸ | ਪ | ਤਿ | ਮਉ | s | ਲੀ | s | ਚੜਿ | ਆ | ਬ | ਸੰ | s | ਤੁ | |
| ਗਂ | ਗਂ | ਮਂ | ਗਂ | ਰੁਂ | ਸਂ | – | ਨ | ਸਂ | ਧ | ਨ | – | ਧ | |
| ਇਹੁ | ਮ | ਨ | ਮਉ | s | ਲਿਆ | s | ਸਤਿ | ਗੁ | ਰੁ | ਸੰ | s | ਗਿ | s |
| ਨ | ਸਂ | ਨ | ਧ | – | ਮਂ | ਗ | ਮਂਧ | ਮਂ | ਗ | ਰੁ | | ਸ | – |
| ਇਹ | ਮ | ਨ | ਮਉ | s | ਲਿਆ | s | ਸਤਿ | ਗੁ | ਰੁ | ਸੰ | s | ਗਿ | s |


### ਜ਼ਰੂਰੀ ਬੇਨਤੀ

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜ਼ਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ।*

ਸੰਪਾਦਕ

# ਸੰਗੀਤ-ਲਿਪੀ ਚਿੰਨ੍ਹ

ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

---

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

---

ਮੰ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

---

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

---

ਸੰ/ਪੰ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

---

ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

---

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

---

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

---

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

---

XO 123 X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਅਪ੍ਰੈਲ/ਚੇਤ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਬੈਂਕਾਂ ਦੀ ਛੁੱਟੀ | 1 ਅਪ੍ਰੈਲ |
| ਸੰਮਤ ਬਿਕ੍ਰਮੀ ਸ਼ੁਰੂ | 8 ਅਪ੍ਰੈਲ |
| ਸ੍ਰੀ ਰਾਮਨੌਮੀ | 16 ਅਪ੍ਰੈਲ |
| ਈਦੁ ਲ ਜ਼ੁਹਾ (ਬਕਰੀਦ) | 18 ਅਪ੍ਰੈਲ |
| ਜਨਮ ਸ੍ਰੀ ਮਹਾਂਵੀਰ ਜੈਨ | 20 ਅਪ੍ਰੈਲ |

## ਗੁਰਪੁਰਬ

| | |
|---|---|
| ਪਾ: ੭ ਗੁਰਿਆਈ ਮਿਲੀ | 5 ਅਪ੍ਰੈਲ |
| ਪ: ੩ ਗੁਰਿਆਈ ਮਿਲੀ | 8 ਅਪ੍ਰੈਲ |
| ਪਾ: ੨ ਜੋਤੀ ਜੋਤਿ ਸਮਾਏ | 11 ਅਪ੍ਰੈਲ |
| ਪਾ: ੬ ਜੋਤੀ ਜੋਤਿ ਸਮਾਏ | 12 ਅਪ੍ਰੈਲ |
| ਪਾ : ੯ ਗੁਰਿਆਈ ਮਿਲੀ | 20 ਅਪ੍ਰੈਲ |
| ਪ: ੮ ਜੋਤਿ ਜੋਤਿ ਸਮਾਏ | 20 ਅਪ੍ਰੈਲ |
| ਪਾ: ੯ ਅਵਤਾਰ ਧਾਰਿਆ | 27 ਅਪ੍ਰੈਲ |
| ਪਾ: ੫ ਅਵਤਾਰ ਧਾਰਿਆ | 29 ਅਪ੍ਰੈਲ |
| ਵੈਸਾਖੀ ਤੇ ਖ਼ਾਲਸਾ ਸੰਮਤ 299 ਸ਼ੁਰੂ | 13 ਅਪ੍ਰੈਲ |

| | | | |
|---|---|---|---|
| ਸੰਮਤ ਬਿਕ੍ਰਮੀ | 2053-54 | ਸੰਗਰਾਂਦ | 13 ਅਪ੍ਰੈਲ |
| ਸੰਮਤ ਨਾਨਕਸ਼ਾਹੀ | 528 | ਪੂਰਨਮਾਸ਼ੀ | 22 ਅਪ੍ਰੈਲ |
| ਸੰਮਤ ਖਾਲਸਾ | 298-99 | ਮਸਿਆ | 7 ਅਪ੍ਰੈਲ |
| ਸੰਮਤ ਸ਼ਾਕਾ | 1918 | ਪੰਚਮੀ | 12 ਅਪ੍ਰੈਲ |

**ਅਪ੍ਰੈਲ**
**APRIL 1997**

| | | | | | |
|---|---|---|---|---|---|
| ਐਤ SUN | ✪ | 6 24 ਚੇਤਰ ਚੇਤਰ ਵਦੀ 14 | 13 1 ਵੈਸਾਖ ਚੇਤਰ ਸੁਦੀ 6 | 20 8 ਵੈਸਾਖ ਚੇਤਰ ਸੁਦੀ 13 | 27 15 ਵੈਸਾਖ ਵੈਸਾਖ ਵਦੀ 5 |
| ਸੋਮ MON | ✪ | 7 25 ਚੇਤਰ ਮਸਿਆ | 14 2 ਵੈਸਾਖ ਚੇਤਰ ਸੁਦੀ 7 | 21 9 ਵੈਸਾਖ ਚੇਤਰ ਸੁਦੀ 14 | 28 16 ਵੈਸਾਖ ਵੈਸਾਖ ਵਦੀ 6 |
| ਮੰਗਲ TUE | 1 19 ਚੇਤਰ ਚੇਤਰ ਵਦੀ 8 | 8 26 ਚੇਤਰ ਚੇਤਰ ਸੁਦੀ 1 | 15 3 ਵੈਸਾਖ ਚੇਤਰ ਸੁਦੀ 8 | 22 10 ਵੈਸਾਖ ਪੂਰਨਮਾਸ਼ੀ | 29 17 ਵੈਸਾਖ ਵੈਸਾਖ ਵਦੀ 7 |
| ਬੁੱਧ WED | 2 20 ਚੇਤਰ ਚੇਤਰ ਵਦੀ 9 | 9 27 ਚੇਤਰ ਚੇਤਰ ਸੁਦੀ 2 | 16 4 ਵੈਸਾਖ ਚੇਤਰ ਸੁਦੀ 9 | 23 11 ਵੈਸਾਖ ਵੈਸਾਖ ਵਦੀ 1 | 30 18 ਵੈਸਾਖ ਵੈਸਾਖ ਵਦੀ 8 |
| ਵੀਰ THU | 3 21 ਚੇਤਰ ਚੇ: ਵ:10-11 | 10 28 ਚੇਤਰ ਚੇਤਰ ਸੁਦੀ 3 | 17 5 ਵੈਸਾਖ ਚੇਤਰ ਸੁਦੀ 10 | 24 12 ਵੈਸਾਖ ਵੈਸਾਖ ਵਦੀ 2 | ✪ |
| ਸ਼ੁੱਕਰ FRI | 4 22 ਚੇਤਰ ਚੇਤਰ ਵਦੀ 12 | 11 29 ਚੇਤਰ ਚੇਤਰ ਸੁਦੀ 4 | 18 6 ਵੈਸਾਖ ਚੇਤਰ ਸੁਦੀ 11 | 25 13 ਵੈਸਾਖ ਵੈਸਾਖ ਵਦੀ 3 | ✪ |
| ਸ਼ਨੀ SAT | 5 23 ਚੇਤਰ ਚੇਤਰ ਵਦੀ 13 | 12 30 ਚੇਤਰ ਚੇਤਰ ਸੁਦੀ 5 | 19 7 ਵੈਸਾਖ ਚੇਤਰ ਸੁਦੀ 12 | 26 14 ਵੈਸਾਖ ਵੈਸਾਖ ਵਦੀ 4 | ✪ |

ਅਰਥ : (ਵੈਸਾਖੀ ਵਾਲਾ ਦਿਨ ਹਰੇਕ ਇਸਤ੍ਰੀ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਹਨਾਂ ਇਸਤ੍ਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿੱਛੁੜੀਆਂ ਪਈਆਂ ਹਨ, ਜਿੰਨ੍ਹਾਂ ਦੇ ਅੰਦਰ ਪਿਆਰ (ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ ਪ੍ਰਭੂ ਵਿਸਾਰ ਕੇ ਮਨ-ਮੋਹਣੀ ਮਾਇਆ ਚੰਬੜੀ ਹੋਈ ਹੈ ?

ਨਾਂਹ ਪੁੱਤ੍ਰ, ਨਾਂਹ ਇਸਤ੍ਰੀ, ਨਾਂਹ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ। ਇਕ ਅਬਿਨਾਸ਼ੀ ਪਰਮਾਤਮਾ ਹੀ ਅਸਲ ਸਾਥੀ ਹੈ। ਨਾਸਵੰਤ ਧੰਧੇ ਦਾ ਮੋਹ (ਸਾਰੀ ਲੁਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ ਮੁੜ ਫਸ ਕੇ ਸਾਰੀ ਲੁਕਾਈ ਹੀ (ਆਤਮਿਕ ਮੌਤੇ) ਮਰ ਰਹੀ ਹੈ। ਇਕ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਜਿਤਨੇ ਭੀ ਕਰਮ ਇੱਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ (ਭਾਵ, ਉਹ ਉੱਚੇ ਆਤਮਿਕ ਜੀਵਨ ਦਾ ਅੰਗ ਨਹੀਂ ਬਣ ਸਕਦੇ।

ਪਿਆਰ-ਸਰੂਪ ਪ੍ਰਭੂ ਨੂੰ ਵਿਸਾਰ ਕੇ ਖ਼ੁਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ ਹੈ। ਪ੍ਰਭੂ-ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲੱਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ।

ਹੇ ਪ੍ਰਭੂ ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ। (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ-ਸੰਤ ਪ੍ਰਭੂ ਮਿਲ ਪਵੇ ।੩।

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

## ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦਾ ਕੀਰਤਨ ਪ੍ਰੋਗਰਾਮ

| | | |
|---|---|---|
| 5 ਅਪ੍ਰੈਲ 1997 | | |
| | ਦਿਨੇ 9 ਤੋਂ 10 ਵਜੇ ਤਕ | ਕੋਠੀ ਨੰ: 109, ਸੈਕਟਰ 10, ਚੰਡੀਗੜ੍ਹ |
| | ਰਾਤੀਂ 10 ਤੋਂ 11 ਵਜੇ ਤਕ | ਗੁਰਦੁਆਰਾ ਵੈਸਟ ਪਟੇਲ ਨਗਰ ਨਵੀਂ ਦਿੱਲੀ |
| 6 ਅਪ੍ਰੈਲ | | |
| | ਰਾਤੀਂ 7-30 ਤੋਂ 8-30 ਵਜੇ | ਕੋਠੀ ਨੰ: 956, ਫੇਜ਼ 3-B-2, ਮੁਹਾਲੀ |
| 12 ਅਪ੍ਰੈਲ ਤੋਂ 13 ਅਪ੍ਰੈਲ ਤਕ | | |
| | | ਗੁ: ਸਿੰਘ ਸਭਾ ਟੀ.ਟੀ. ਨਗਰ, ਭੋਪਾਲ |
| 19 ਅਪ੍ਰੈਲ | | |
| | ਦਿਨੇ 10-30 ਤੋਂ 11-30 | 149, ਸੈਕਟਰ 27, ਚੰਡੀਗੜ੍ਹ |
| 20 ਅਪ੍ਰੈਲ | | |
| | ਦਿਨੇ 9 ਤੋਂ 10-30 ਵਜੇ ਤਕ | 3314, ਸੈਕਟਰ 19 ਡੀ, ਚੰਡੀਗੜ੍ਹ |
| | ਦਿਨੇ 11 ਤੋਂ 12 | 218, ਸੈਕਟਰ 17-A ਚੰਡੀਗੜ੍ਹ |
| 27 ਅਪ੍ਰੈਲ | | |
| | ਦਿਨੇ 11 ਤੋਂ 12 ਵਜੇ ਤਕ | ਈ. 29, ਬਾਲੀ ਨਗਰ, ਨਵੀਂ ਦਿੱਲੀ |

ਨੋਟ : ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ। ਚੰਡੀਗੜ੍ਹ ਵਿੱਚ ਜੇ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫੋਨ : 772660 ਅਤੇ 45452 ਕਰਨ ਦੀ ਕਿਰਪਾ ਕਰੋ।


| | |
|---|---|
| **ਅੰਮ੍ਰਿਤ ਵਰਖਾ**<br>7/1, ਵੈਸਟ ਪਟੇਲ ਨਗਰ,<br>ਨਵੀਂ ਦਿੱਲੀ<br>ਫੋਨ : 5742058 | **MATTA AUDIO VIDEO**<br>Whole Salers : Audio Cassettes & Video Movie Makers<br>CABIN NO. 1-A, 1ST FLOOR, S.C.O. 1010-11, SECTOR 22-B, CHANDIGARH<br>PHONES : (O) 771688, (R) 675004<br>PAGER: 9610-6039 |
| **ਅੰਮ੍ਰਿਤ ਕੀਰਤਨ ਟ੍ਰਸਟ**<br>422, ਸੈਕਟਰ 15-A<br>ਚੰਡੀਗੜ੍ਹ-160015<br>ਫੋਨ-722660 | **Pal Radios**<br>Shop No. 53,<br>Badheri, Chandigarh (U.T.) |
| **Amar Onkar Electrical**<br>S.C.F. 11, Sector 11-D,<br>Chadigarh<br>Phone : 541827 | **S. Amarjit Shah Singh**<br>31, West Minister Road<br>Leaming -W.A. Australia<br>ਫੋਨ-061-9-332-6102 |



-ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਡੀ.ਬੀ. ਪ੍ਰਿੰਟਰਜ਼ S.C.O. 59, ਫੇਸ 3-ਬੀ-2,ਮੋਹਾਲੀ ਫੋਨ 675808 ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Regd. NO. PB/CH-105
RNI Regd No. 46788/89

**BOOK POST**
(Printed Matter)

*If undelivered please return to*

**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲੋ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 4 ਸਾਲ ਨੌਵਾਂ ਅਪ੍ਰੈਲ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ'ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ'ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

## ਸਾਲਾਨਾ ਮੈਂਬਰ

| | |
|---|---|
| ਸ੍ਰ. ਗੁਰਚਰਨ ਸਿੰਘ ਰਤਗਲ, ਥਨੇਸਰ | 100 ਰੁ. |
| ਸ੍ਰ. ਨਰਿੰਦਰ ਸਿੰਘ ਥਿੰਦ, ਸੁਨਾਮ | 100 ਰੁ. |
| ਸ੍ਰ. ਉਦੈ ਸਿੰਘ ਖੜਬੰਦ, ਅਮਰੀਕਾ | 500 ਰੁ. |
| ਸ੍ਰ. ਸਰਬਜੀਤ ਸਿੰਘ ਪੰਨੂ, ਆਸਟ੍ਰੇਲੀਆ | 500 ਰੁ. |
| ਗੁਰੂ ਨਾਨਕ ਦੇਵ ਲਾਇਬ੍ਰੇਰੀ, ਨੋਰਾ | 100 ਰੁ. |
| ਗਿ: ਕਰਤਾਰ ਸਿੰਘ, ਨੋਰਾ | 100 ਰੁ. |
| ਭਾਈ ਅਵਤਾਰ ਸਿੰਘ ਹੰਸ, ਨਾਭਾ | 50 ਰੁ. |
| ਗੁਰਦੁਆਰਾ ਸਿੰਘ ਸਭਾ, ਡਿਫੈਂਸ ਕਲੋਨੀ ਨਵੀਂ ਦਿੱਲੀ | 100 ਰੁ. |
| ਸ੍ਰ. ਰਾਮ ਸਿੰਘ (ਰਿ. ਸੁਪਰਡੰਟ), ਲੁਧਿਆਣਾ | 100 ਰੁ. |
| ਡਾ. ਮ.ਸ. ਘੁੰਮਣ, ਮੁਹਾਲੀ | 100 ਰੁ. |
| ਗਿ. ਜਗਜੀਤ ਸਿੰਘ ਗੁੰਬੀ, ਨੋਰਾ | 100 ਰੁ. |
| ਸ੍ਰ. ਅਰਵਿੰਦਰ ਪਾਲ ਸਿੰਘ, ਮਲੋਟ | 60 ਰੁ. |
| ਪ੍ਰੋ. ਹਰਿਭਜਨ ਸਿੰਘ, ਮਲੋਟ | 60 ਰੁ. |
| ਅਕੈਡਮੀ ਆਫ ਸਿੱਖ ਰਿਲੀਜਨ, ਪਟਿਆਲਾ | 100 ਰੁ. |
| ਡਾ. ਹਿੰਮਤ ਸਿੰਘ ਅਨੇਜਾ, ਚੰਡੀਗੜ੍ਹ | 100 ਰੁ. |
| ਸ੍ਰ. ਸੁਖਬੀਰ ਸਿੰਘ ਸੋਢੀਆ, ਅਮਰੀਕਾ | 500 ਰੁ. |
| ਸ੍ਰ. ਜਗਜੀਤ ਸਿੰਘ, ਮੁਹਾਲੀ | 100 ਰੁ. |
| ਸ੍ਰ. ਸ. ਬਰਾੜ, ਚੰਡੀਗੜ੍ਹ | 100 ਰੁ. |
| ਰਾਗੀ ਜਥਾ ਭਾ. ਚਮਕੌਰ ਸਿੰਘ, ਮਲੋਟ | 50 ਰੁ. |
| ਮਿਸਜ਼ ਕੁਲਵੰਤ ਕੌਰ ਅਬਦਲ, ਚੰਡੀਗੜ੍ਹ | 100 ਰੁ. |
| ਪ੍ਰਿੰ. ਗੁਰਭੇਜ ਸਿੰਘ ਘੁਮਾਣ, ਗੁਰਦਾਸਪੁਰ | 100 ਰੁ. |
| ਮਿਸਜ਼ ਦਵਿੰਦਰ ਕੌਰ, ਨਿਊ ਬੰਬਈ | 100 ਰੁ. |
| ਮਿਸਜ਼ ਜੀ.ਆਰ. ਸੰਧੂ, ਚੰਡੀਗੜ੍ਹ | 100 ਰੁ. |
| ਮਹਿੰਦਰ ਕੌਰ ਕੋਛੜ | 100 ਰੁ. |
| ਗੁਰਦੁਆਰਾ ਸਾਹਿਬ, ਸੈਕਟਰ 21, ਚੰਡੀਗੜ੍ਹ | 100 ਰੁ. |

## ਵਿਸ਼ੇਸ਼ ਸਹਾਇਤਾ

| | |
|---|---|
| ਤਲਵਾੜ ਬ੍ਰਦਰਜ਼, ਚੰਡੀਗੜ੍ਹ | 250 ਰੁ. |
| ਸ੍ਰ. ਜਸਪਾਲ ਸਿੰਘ ਬਤਰਾ, ਚੰਡੀਗੜ੍ਹ | 101 ਰੁ. |
| ਸ੍ਰ. ਬ੍ਰਿਜਿੰਦਰ ਸਿੰਘ ਸਿੱਧੂ ਆਈ.ਜੀ.(ਰਿ.) | 1100 ਰੁ. |
| ਸ੍ਰ. ਨਿਰਮਲ ਸਿੰਘ, ਮੁਹਾਲੀ | 500 ਰੁ. |
| ਸ੍ਰ. ਕਰਤਾਰ ਸਿੰਘ ਮਾਨ, ਮੁਹਾਲੀ | 500 ਰੁ. |

## ਸਾਡੇ ਲਾਈਫ ਮੈਂਬਰ

ਸ੍ਰ. ਨਿਰਮਲ ਸਿੰਘ
ਫਲੈਟ ਨੰ. 41
ਚੌਥੀ ਮੰਜ਼ਿਲ, ਬਿਲਡਿੰਗ 3 ਬੀ ਮਨਾਲੀ
ਐਵਰਸਾਈਨ ਨਗਰ, ਮਲਾਡ ਵੈਸਟ
ਮੁੰਬਈ

---

# ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ ਕੀਮਤ: ਸਜਿਲਦ-70 ਰੁ. ਪੇਪਰ ਬੈਕ-50 ਰੁ.

422, ਸੈਕਟਰ 15-ਏ, ਚੰਡੀਗੜ੍ਹ-160 015